# ਲੋਕ ਸਾਂਝ

ਲੋਕਾਂ ਦੀ ਗੱਲ, ਲੋਕਾਂ ਦੇ ਨਾਲ

ਵੀਰਵਾਰ, 10/15/2026

ਪੰਜਾਬ ਐਡੀਸ਼ਨ • ਮੁਫ਼ਤ ਕਾਪੀ

ਪੰਜਾਬ

**ਵਿਕਾਸ ਦਰ ਦੀ ਰੌਸ਼ਨੀ ਬਨਾਮ ਮਹਿੰਗਾਈ ਦਾ ਹਨੇਰਾ**

ਅੰਦਰ ਪੜ੍ਹੋ

ਪੰਜਾਬ

**ਸਿਰਫ਼ 1 ਰੈਂਕ ਕਾਰਨ ਪਾਇਲਟ ਬਣਨ ਤੋਂ ਰਹਿ ਗਏ ਸਨ 'ਮਿਜ਼ਾਈਲ ਮੈਨ', ਕਿਵੇਂ ਟੁੱਟੇ ਸੁਪਨੇ ਨੇ ਬਦਲ ਦਿੱਤੀ ਕਿਸਮਤ?**

ਅੰਦਰ ਪੜ੍ਹੋ

ਪੰਜਾਬ

**ਮਾਨਸਾ 'ਚ ਹੁਣ ਕਿਵੇਂ ਦੇ ਹਾਲਾਤ? ਪਰਵਿੰਦਰ ਝੋਟਾ ਕਤਲ ਮਾਮਲੇ ਦੀ ਗਰਾਊਂਡ ਰਿਪੋਰਟ**

ਅੰਦਰ ਪੜ੍ਹੋ

ਦੇਸ਼

**ਵਿਰੋਧੀ ਧਿਰ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ, ਮਾਰਚ ਕੱਢਣ 'ਤੇ ਰਾਹੁਲ ਗਾਂਧੀ ਤੋਂ ਵੀ ਮੰਗਿਆ ਸਪੱਸ਼ਟੀਕਰਨ**

ਅੰਦਰ ਪੜ੍ਹੋ



ਖ਼ਾਸ ਖ਼ਬਰ

## ਇਲੀਨੋਇਸ ਵਿੱਚ ਹਿੰਦੂ ਮੰਦਰ 'ਤੇ ਸਮੂਹਿਕ ਗੋਲੀਬਾਰੀ ਦੀ ਸਾਜ਼ਿਸ਼ ਨਾਕਾਮ



ਸ਼ਿਕਾਗੋ (ਇਲੀਨੋਇਸ): ਅਮਰੀਕਾ ਦੇ ਇਲੀਨੋਇਸ ਰਾਜ ਵਿੱਚ ਪੁਲਿਸ ਅਤੇ ਸੰਘੀ ਜਾਂਚ ਏਜੰਸੀਆਂ ਨੇ ਸਮੇਂ ਸਿਰ ਕਾਰਵਾਈ ਕਰਦਿਆਂ ਔਰੋਰਾ ਖੇਤਰ ਦੇ ਇੱਕ ਹਿੰਦੂ ਮੰਦਰ 'ਤੇ ਸਮੂਹਿਕ ਗੋਲੀਬਾਰੀ ਕਰਨ ਦੀ ਇੱਕ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਪੁਲਿਸ ਨੇ ਪੈਲਾਟਾਈਨ ਦੇ ਰਹਿਣ ਵਾਲੇ 19 ਸਾਲਾ ਨੌਜਵਾਨ ਅਲੈਗਜ਼ੈਂਡਰੋਸ ਪਾਪੋਰਾਕਿਸ ਨੂੰ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ ਅੱਤਵਾਦੀ ਧਮਕੀ ਦੇਣ ਅਤੇ ਗੈਰ-ਕਾਨੂੰਨੀ ਹਥਿਆਰ ਰੱਖਣ ਦੇ ਗੰਭੀਰ ਦੋਸ਼ ਦਾਇਰ ਕੀਤੇ ਹਨ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਕਾਰਵਾਈ ਮਾਊਂਟ ਪ੍ਰੋਸਪੈਕਟ ਪੁਲਿਸ ਵਿਭਾਗ ਨੂੰ ਮਿਲੀ ਇੱਕ ਗੁਪਤ ਸੂਚਨਾ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ। ਸੂਚਨਾ ਮਿਲੀ ਸੀ ਕਿ ਪਾਪੋਰਾਕਿਸ ਨੇ ਆਪਣੇ ਕਿਸੇ ਜਾਣਕਾਰ ਨੂੰ ਇਲੈਕਟ੍ਰਾਨਿਕ ਸੰਦੇਸ਼ਾਂ ਰਾਹੀਂ ਹਥਿਆਰਾਂ ਦੀਆਂ ਤਸਵੀਰਾਂ ਭੇਜੀਆਂ ਸਨ ਅਤੇ 11 ਅਕਤੂਬਰ ਨੂੰ ਔਰੋਰਾ ਖੇਤਰ ਦੇ ਇੱਕ ਹਿੰਦੂ ਧਾਰਮਿਕ ਸਥਾਨ 'ਤੇ ਹਮਲਾ ਕਰਨ ਦੀ ਆਪਣੀ ਯੋਜਨਾ ਬਾਰੇ ਦੱਸਿਆ ਸੀ। ਇਸ ਜਾਣਕਾਰੀ ਦੇ ਆਧਾਰ 'ਤੇ ਪੈਲਾਟਾਈਨ ਪੁਲਿਸ ਨੇ ਐਤਵਾਰ ਸ਼ਾਮ ਨੂੰ ਨੌਰਥ ਬਾਲਡਵਿਨ ਕੋਰਟ ਦੇ 1300 ਬਲਾਕ ਸਥਿਤ ਉਸ ਦੇ ਘਰ ਦੇ ਬਾਹਰੋਂ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਗ੍ਰਿਫ਼ਤਾਰੀ ਤੋਂ ਬਾਅਦ ਐਫ.ਬੀ.ਆਈ. ਦੇ ਸ਼ਿਕਾਗੋ ਦਫ਼ਤਰ ਦੇ ਸਹਿਯੋਗ ਨਾਲ ਘਰ ਦੀ ਤਲਾਸ਼ੀ ਦੌਰਾਨ ਇੱਕ ਰਾਈਫਲ, ਕਈ ਲੋਡ ਕੀਤੇ ਮੈਗਜ਼ੀਨ, ਸੈਂਕੜੇ ਜ਼ਿੰਦਾ ਕਾਰਤੂਸ ਅਤੇ ਟੈਕਟੀਕਲ ਸਾਮਾਨ ਬਰਾਮਦ ਹੋਇਆ। ਇਸ ਤੋਂ ਇਲਾਵਾ ਇੱਕ ਬੁਲੇਟਪਰੂਫ ਜੈਕੇਟ ਵੀ ਮਿਲੀ, ਜਿਸ ਉੱਤੇ 'ਗੋਰੇ ਸਰਵਉੱਚਤਾਵਾਦੀ' ਕੱਟੜਪੰਥੀ ਚਿੰਨ੍ਹ ਬਣੇ ਹੋਏ ਸਨ। ਜਾਂਚਕਰਤਾਵਾਂ ਦੇ ਹੱਥ ਮੁਲਜ਼ਮ ਵੱਲੋਂ ਲਿਖਿਆ "Why I Fought: A.K.A.: (Aurora Shooter's Manifesto)" ਨਾਮਕ ਨਫ਼ਰਤੀ ਦਸਤਾਵੇਜ਼ ਵੀ ਲੱਗਾ ਹੈ, ਜਿਸ ਵਿੱਚ ਦੱਖਣੀ ਏਸ਼ੀਆਈ ਲੋਕਾਂ, ਖਾਸ ਕਰਕੇ ਭਾਰਤੀ ਮੂਲ ਦੇ ਭਾਈਚਾਰੇ ਵਿਰੁੱਧ ਨਸਲੀ ਟਿੱਪਣੀਆਂ ਅਤੇ ਹਿੰਸਾ ਭੜਕਾਉਣ ਵਾਲੀਆਂ ਗੱਲਾਂ ਲਿਖੀਆਂ ਸਨ। ਔਰੋਰਾ ਪੁਲਿਸ ਵਿਭਾਗ ਨੇ ਸਾਵਧਾਨੀ ਵਰਤਦਿਆਂ ਇਲਾਕੇ ਦੇ ਸਾਰੇ ਹਿੰਦੂ ਮੰਦਰਾਂ ਦੇ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਇਸ ਖ਼ਤਰੇ ਬਾਰੇ ਸੁਚੇਤ ਕਰ ਦਿੱਤਾ ਹੈ ਅਤੇ ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ। ਬੁੱਧਵਾਰ, 14 ਅਕਤੂਬਰ ਨੂੰ ਰੋਲਿੰਗ ਮੀਡੋਜ਼ ਦੀ ਕੁੱਕ ਕਾਊਂਟੀ ਅਦਾਲਤ ਵਿੱਚ ਮੁਲਜ਼ਮ ਨੂੰ ਪੇਸ਼ ਕੀਤਾ ਗਿਆ। ਜੱਜ ਨੇ ਪਾਪੋਰਾਕਿਸ ਨੂੰ ਬਿਨਾਂ ਜ਼ਮਾਨਤ ਦੇ ਜੇਲ੍ਹ ਵਿੱਚ ਰੱਖਣ ਦਾ ਹੁਕਮ ਸੁਣਾਇਆ ਹੈ

ਪੰਜਾਬ

## ਵਿਕਾਸ ਦਰ ਦੀ ਰੌਸ਼ਨੀ ਬਨਾਮ ਮਹਿੰਗਾਈ ਦਾ ਹਨੇਰਾ

ਪਿਛਲੇ ਕੁਝ ਸਮੇਂ ਦੌਰਾਨ ਭਾਰਤ ਵਿੱਚ ਜਾਰੀ ਹੋਏ ਸਰਕਾਰੀ ਅੰਕੜੇ ਜਿਵੇਂ ਕਿ ਅਪਰੈਲ-ਜੂਨ 2026 ਦੀ ਤਿਮਾਹੀ ਵਿੱਚ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦਾ 7.8 ਫ਼ੀਸਦੀ ਦੀ ਦਰ ਨਾਲ ਵਧਣਾ, ਸਤੰਬਰ ਦੌਰਾਨ ਵਸਤਾਂ ਤੇ ਸੇਵਾਵਾਂ ਕਰ (ਜੀ ਐੱਸ ਟੀ) ਦੀ ਕੁੱਲ ਰਕਮ ਪਿਛਲੇ ਸਾਲ ਦੇ ਮੁਕਾਬਲੇ 14.7 ਫ਼ੀਸਦੀ ਵਧ ਕੇ ਲਗਪਗ 2.04 ਲੱਖ ਕਰੋੜ ਰੁਪਏ ਹੋਣਾ, ਭਾਰਤੀ ਸੇਵਾਵਾਂ ਖੇਤਰ ਦੀਆਂ ਬਰਾਮਦਾਂ ਵਿੱਚ ਮਜ਼ਬੂਤ ਉਛਾਲ, ਲਗਪਗ 700 ਅਰਬ ਡਾਲਰ ਦਾ ਵਿਦੇਸ਼ੀ ਮੁਦਰਾ ਭੰਡਾਰ ਆਦਿ ਪਹਿਲੀ ਨਜ਼ਰੇ ਭਾਰਤੀ ਅਰਥਵਿਵਸਥਾ ਦੀ ਮਜ਼ਬੂਤ ਤਸਵੀਰ ਦਿਖਾਉਂਦੇ ਹਨ, ਪਰ ਉੱਚੀ ਵਿਕਾਸ ਦਰ ਜਾਂ ਵਧਦਾ ਸਰਕਾਰੀ ਮਾਲੀਆ ਇਹ ਸਾਬਿਤ ਨਹੀਂ ਕਰਦੇ ਕਿ ਆਮ ਲੋਕਾਂ ਦੀ ਆਮਦਨ, ਖਰੀਦ ਸ਼ਕਤੀ ਅਤੇ ਜੀਵਨ ਪੱਧਰ ਵਿੱਚ ਵੀ ਉਸੇ ਅਨੁਪਾਤ ਵਿੱਚ ਸੁਧਾਰ ਹੋਇਆ ਹੈ, ਜਿਸ ਅਨੁਪਾਤ ਵਿੱਚ ਇਹ ਆਰਥਿਕ ਕਾਰਕ ਪਿਛਲੇ ਸਮੇਂ ਦੌਰਾਨ ਵਧੇ ਹਨ।



ਅਰਥਵਿਵਸਥਾ ਦੀ ਅਸਲ ਹਾਲਤ ਮਹਿੰਗਾਈ, ਰੁਜ਼ਗਾਰ, ਨਿਵੇਸ਼, ਘਰੇਲੂ ਬੱਚਤ, ਕਰਜ਼ੇ ਦੀ ਲਾਗਤ ਜਾਂ ਆਮ ਜਨਤਾ ਦੀ ਜ਼ਿੰਦਗੀ ਜਿਊਣ ਦੀ ਲਾਗਤ ਵਿੱਚ ਆਈ ਕਮੀ ਤੋਂ ਪਤਾ ਲੱਗਦੀ ਹੈ। ਇਨ੍ਹਾਂ ਕਾਰਕਾਂ ਦੀ ਪੜਚੋਲ ਕੀਤਿਆਂ ਭਾਰਤੀ ਅਰਥਵਿਵਸਥਾ ਦੀ ਇੱਕ ਭਿਆਨਕ ਤਸਵੀਰ ਉੱਭਰਦੀ ਹੈ। ਅੰਦਰੂਨੀ ਅਤੇ ਬਾਹਰੀ ਕਾਰਕ ਮਿਲ ਕੇ ਭਾਰਤੀ ਅਰਥਵਿਵਸਥਾ ਲਈ ਵਿਲੱਖਣ ਚੁਣੌਤੀਆਂ ਪੈਦਾ ਕਰ ਰਹੇ ਹਨ। ਦਰਅਸਲ, ਕੌਮਾਂਤਰੀ ਪੱਧਰ 'ਤੇ ਰੂਸ-ਯੂਕਰੇਨ, ਇਰਾਨ-ਅਮਰੀਕਾ-ਇਜ਼ਰਾਈਲ, ਹੂਤੀ-ਸਾਊਦੀ ਅਰਬ ਦੇ ਟਕਰਾਅ ਕੱਚੇ ਤੇਲ ਦੀਆਂ ਕੀਮਤਾਂ ਵਧਾ ਰਹੇ ਹਨ। ਇਸ ਨਾਲ ਭਾਰਤ ਲਈ ਪੈਟਰੋਲੀਅਮ ਉਤਪਾਦਾਂ ਦੀਆਂ ਦਰਾਮਦਾਂ ਦਾ ਬਿੱਲ ਵੀ ਵਧ ਰਿਹਾ ਹੈ। ਇਸ ਦੇ ਨਾਲ ਹੀ ਲਗਾਤਾਰ ਕਮਜ਼ੋਰ ਹੁੰਦੇ ਜਾ ਰਹੇ ਰੁਪਏ ਕਾਰਨ ਕੱਚੇ ਤੇਲ ਦੀ ਕੀਮਤ ਵਿੱਚ ਹੋਰ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਕੁੱਲ ਮਿਲਾ ਕੇ ਪੈਟਰੋਲੀਅਮ ਉਤਪਾਦਾਂ ਅਤੇ ਹੋਰ ਵਸਤਾਂ ਦੀਆਂ ਕੀਮਤਾਂ ਵਿੱਚ ਜ਼ਬਰਦਸਤ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਅਜਿਹੇ ਹੋਰ ਵੀ ਕਾਰਕ ਹਨ, ਜਿਨ੍ਹਾਂ ਨੇ ਭਾਰਤੀ ਰਿਜ਼ਰਵ ਬੈਂਕ ਨੂੰ ਦੋ ਮਹੀਨੇ ਪਹਿਲਾਂ (ਅਗਸਤ 2026 'ਚ) ਜਾਰੀ ਹੋਈ ਮੁਦਰਾ ਨੀਤੀ ਨੂੰ ਬਦਲਣ ਅਤੇ ਮਾਰਚ 2027 ਤੱਕ ਮਹਿੰਗਾਈ 'ਚ ਅਨੁਮਾਨਿਤ ਵਾਧੇ ਦੇ ਐਲਾਨ ਲਈ ਮਜਬੂਰ ਕੀਤਾ।

ਪਹਿਲਾ ਘਟਨਾਕ੍ਰਮ ਮੌਸਮ ਅਤੇ ਖੇਤੀਬਾੜੀ ਨਾਲ ਸਬੰਧਿਤ ਹੈ। ਮੌਜੂਦਾ ਮੌਨਸੂਨ ਸੀਜ਼ਨ ਦੌਰਾਨ ਐੱਲ ਨੀਨੋ ਦੇ ਪ੍ਰਭਾਵ ਕਾਰਨ ਦੇਸ਼ ਭਰ ਵਿੱਚ ਬਰਸਾਤ ਆਮ ਨਾਲੋਂ ਲਗਪਗ 13 ਫ਼ੀਸਦੀ ਘੱਟ ਰਹੀ ਹੈ। ਖੇਤਰੀ ਪੱਧਰ 'ਤੇ ਇਹ ਘਾਟ ਹੋਰ ਵੀ ਗੰਭੀਰ ਰਹੀ, ਜਿੱਥੇ ਪੂਰਬੀ ਤੇ ਉੱਤਰ-ਪੂਰਬੀ ਭਾਰਤ ਵਿੱਚ ਆਮ ਨਾਲੋਂ ਲਗਪਗ 18 ਤੋਂ 20 ਫ਼ੀਸਦੀ ਅਤੇ ਦੱਖਣੀ ਪ੍ਰਾਇਦੀਪ ਵਿੱਚ ਤਕਰੀਬਨ 15 ਤੋਂ 17 ਫ਼ੀਸਦੀ ਘੱਟ ਮੀਂਹ ਦਰਜ ਕੀਤਾ ਗਿਆ। ਇਸ ਮੌਸਮੀ ਅਸੰਤੁਲਨ ਕਾਰਨ ਝੋਨਾ, ਦਾਲਾਂ ਅਤੇ ਮੋਟੇ ਅਨਾਜ ਵਰਗੀਆਂ ਸਾਉਣੀ ਦੀਆਂ ਫ਼ਸਲਾਂ ਦੀ ਪੈਦਾਵਾਰ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਵਿਸ਼ਵ ਮੌਸਮ ਵਿਗਿਆਨ ਸੰਸਥਾ ਅਨੁਸਾਰ ਐੱਲ ਨੀਨੋ ਦਸੰਬਰ 2026 ਵਿੱਚ ਆਪਣੇ ਸਿਖਰ 'ਤੇ ਪਹੁੰਚ ਸਕਦਾ ਹੈ ਅਤੇ ਇਸ ਦੇ ਫਰਵਰੀ 2027 ਤੱਕ ਜਾਰੀ ਰਹਿਣ ਦੀ ਲਗਪਗ ਪੂਰੀ ਸੰਭਾਵਨਾ ਹੈ। ਇਹ 1950 ਤੋਂ ਬਾਅਦ ਦੇ ਸਭ ਤੋਂ ਤੀਬਰ ਐੱਲ ਨੀਨੋ ਪ੍ਰਭਾਵਾਂ ਵਿੱਚੋਂ ਇੱਕ ਹੋ ਸਕਦਾ ਹੈ। ਇਸ ਦਾ ਅਰਥ ਹੈ ਕਿ ਹੁਣ ਇਸ ਦਾ ਪ੍ਰਭਾਵ ਸਿਰਫ਼ ਇੱਕ ਮੌਸਮੀ ਚੱਕਰ ਤੱਕ ਸੀਮਿਤ ਨਹੀਂ ਰਹੇਗਾ। ਸਾਉਣੀ ਦੀ ਸੰਭਾਵੀ ਘਾਟ ਤੋਂ ਇਲਾਵਾ ਜਲ-ਭੰਡਾਰਾਂ ਵਿੱਚ ਪਾਣੀ ਦੇ ਘਟਦੇ ਪੱਧਰ ਅਤੇ ਮਿੱਟੀ ਵਿੱਚ ਨਮੀ ਦੀ ਕਮੀ ਕਾਰਨ ਹਾੜ੍ਹੀ ਦੀਆਂ ਫ਼ਸਲਾਂ (ਖ਼ਾਸ ਕਰਕੇ ਕਣਕ, ਛੋਲੇ ਅਤੇ ਸਰ੍ਹੋਂ) ਦੀ ਬਿਜਾਈ ਅਤੇ ਉਤਪਾਦਨ ਲਈ ਵੀ ਵੱਡਾ ਜੋਖ਼ਮ ਖੜ੍ਹਾ ਹੋ ਸਕਦਾ ਹੈ। ਜੇਕਰ ਖੇਤੀ ਉਤਪਾਦਨ ਵਿੱਚ ਕਮੀ ਆਉਂਦੀ ਹੈ ਤਾਂ ਅਨਾਜ, ਦਾਲਾਂ ਅਤੇ ਸਬਜ਼ੀਆਂ ਦੀ ਪੂਰਤੀ ਪ੍ਰਭਾਵਿਤ ਹੋਣ ਨਾਲ ਖੁਰਾਕੀ ਮਹਿੰਗਾਈ ਹੋਰ ਵਧ ਸਕਦੀ ਹੈ। ਇਸ ਦਾ ਸਭ ਤੋਂ ਵੱਧ ਸੇਕ ਹੇਠਲੇ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਲੱਗੇਗਾ, ਜਿਨ੍ਹਾਂ ਦੀ ਕੁੱਲ ਆਮਦਨ ਦਾ ਵੱਡਾ ਹਿੱਸਾ ਸਿਰਫ਼ ਭੋਜਨ ਅਤੇ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ 'ਤੇ ਹੀ ਖ਼ਰਚ ਹੋ ਜਾਂਦਾ ਹੈ।

ਇਸ ਜੋਖ਼ਮ ਦੇ ਨਾਲ-ਨਾਲ ਕੀਮਤਾਂ ਦੇ ਅੰਕੜੇ ਵੀ ਗੰਭੀਰ ਚਿੰਤਾ ਪੈਦਾ ਕਰਦੇ ਹਨ। ਅਗਸਤ 2026 ਵਿੱਚ ਥੋਕ ਮਹਿੰਗਾਈ ਦੀ ਦਰ 9.92 ਫ਼ੀਸਦੀ ਰਹੀ ਜਦੋਂਕਿ ਬਾਲਣ ਅਤੇ ਬਿਜਲੀ ਨਾਲ ਸਬੰਧਿਤ ਮਹਿੰਗਾਈ 22.93 ਫ਼ੀਸਦੀ ਤੱਕ ਪਹੁੰਚ ਗਈ। ਇਸ ਦੇ ਮੁਕਾਬਲੇ ਪ੍ਰਚੂਨ ਮਹਿੰਗਾਈ 4.82 ਫ਼ੀਸਦੀ ਅਤੇ ਖੁਰਾਕੀ ਮਹਿੰਗਾਈ 5.95 ਫ਼ੀਸਦੀ ਦਰਜ ਕੀਤੀ ਗਈ ਸੀ। ਥੋਕ ਅਤੇ ਪ੍ਰਚੂਨ ਮਹਿੰਗਾਈ ਵਿਚਲਾ ਇਹ ਵੱਡਾ ਪਾੜਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਉਤਪਾਦਨ ਅਤੇ ਹੋਰ ਲਾਗਤਾਂ ਵਿੱਚ ਆਏ ਵਾਧੇ ਦਾ ਪੂਰਾ ਪ੍ਰਭਾਵ ਹਾਲੇ ਖਪਤਕਾਰਾਂ ਵੱਲੋਂ ਅਦਾ ਕੀਤੀਆਂ ਜਾਣ ਵਾਲੀਆਂ ਕੀਮਤਾਂ ਵਿੱਚ ਦਿਖਾਈ ਨਹੀਂ ਦਿੱਤਾ। ਨਿਰਮਾਤਾ ਅਤੇ ਕਾਰੋਬਾਰੀ ਲੰਮੇ ਸਮੇਂ ਤੱਕ ਵਧੀਆਂ ਲਾਗਤਾਂ ਨੂੰ ਆਪਣੇ ਮੁਨਾਫ਼ਿਆਂ ਵਿੱਚੋਂ ਸਹਿਣ ਨਹੀਂ ਕਰ ਸਕਦੇ। ਜੇ ਕੱਚੇ ਮਾਲ, ਬਾਲਣ, ਬਿਜਲੀ ਅਤੇ ਢੋਆ-ਢੁਆਈ ਦੀ ਲਾਗਤ ਵਧੀ ਰਹੀ ਤਾਂ ਉਹ ਇਸ ਦਾ ਕੁਝ ਹਿੱਸਾ ਉਤਪਾਦਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧਾ ਕੇ ਖਪਤਕਾਰਾਂ ਉੱਤੇ ਪਾ ਸਕਦੇ ਹਨ। ਇਸ ਲਈ ਆਉਣ ਵਾਲੇ ਮਹੀਨਿਆਂ ਵਿੱਚ ਪ੍ਰਚੂਨ ਮਹਿੰਗਾਈ ਹੋਰ ਵਧਣ ਦਾ ਖ਼ਤਰਾ ਹੈ।

ਖੁਰਾਕੀ ਮਹਿੰਗਾਈ ਦੇ ਵਧਦੇ ਜੋਖ਼ਮਾਂ ਅਤੇ ਭਾਰਤੀ ਬਾਜ਼ਾਰ ਵਿੱਚ ਸ਼ੇਅਰਾਂ ਦੀਆਂ ਉੱਚੀਆਂ ਕੀਮਤਾਂ ਕਾਰਨ ਵਿਦੇਸ਼ੀ ਨਿਵੇਸ਼ਕਾਂ ਦਾ ਰੁਖ਼ ਸੁਚੇਤ ਹੋ ਗਿਆ ਹੈ। ਸਿਰਫ਼ ਪਿਛਲੇ ਕੁਝ ਹਫ਼ਤਿਆਂ ਦੌਰਾਨ ਹੀ ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤੀ ਸ਼ੇਅਰ ਬਾਜ਼ਾਰ ਵਿੱਚੋਂ 30 ਤੋਂ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸ਼ੁੱਧ ਵਿਕਵਾਲੀ ਕੀਤੀ ਹੈ। ਦੂਜੇ ਪਾਸੇ ਅਮਰੀਕਾ ਦੀ ਸਰਕਾਰ ਕਰਜ਼ੇ ਉੱਤੇ 5.2 ਤੋਂ 5.3 ਫ਼ੀਸਦੀ ਦਾ ਵਿਆਜ਼ ਮੁਹੱਈਆ ਕਰਵਾ ਰਹੀ ਹੈ। ਇਸ ਦਾ ਮਤਲਬ ਹੈ ਕਿ ਵਿਦੇਸ਼ੀ ਨਿਵੇਸ਼ਕਾਂ ਨੂੰ ਉੱਥੇ ਬਿਨਾਂ ਕਿਸੇ ਖ਼ਾਸ ਜੋਖ਼ਮ ਤੋਂ ਯਕੀਨੀ ਮੁਨਾਫ਼ਾ ਮਿਲ ਰਿਹਾ ਹੈ, ਜਿਸ ਕਰਕੇ ਉਹ ਭਾਰਤੀ ਬਾਜ਼ਾਰ ਵਰਗੇ ਉੱਭਰਦੇ ਖੇਤਰਾਂ ਵਿੱਚੋਂ ਪੂੰਜੀ ਕੱਢ ਕੇ ਅਮਰੀਕਾ ਵਿੱਚ ਨਿਵੇਸ਼ ਕਰ ਰਹੇ ਹਨ।



ਵੱਡੇ ਪੱਧਰ 'ਤੇ ਇਸ ਪੂੰਜੀ ਦੇ ਦੇਸ਼ੋਂ ਬਾਹਰ ਨਿਕਲਣ ਕਰਕੇ ਰੁਪਏ ਵਿੱਚ ਗਿਰਾਵਟ ਲਾਜ਼ਮੀ ਹੈ, ਜੋ ਹੁਣ ਇੱਕ ਡਾਲਰ ਦੇ ਮੁਕਾਬਲੇ 96 ਤੋਂ 97 ਰੁਪਏ ਦੇ ਦਾਇਰੇ ਵਿੱਚ ਆ ਚੁੱਕਾ ਹੈ। ਰੁਪਏ ਵਿੱਚ ਕਮੀ ਦਾ ਹੀ ਅਸਰ ਹੈ ਕਿ ਵਿਦੇਸ਼ਾਂ ਤੋਂ ਮੰਗਵਾਈਆਂ ਜਾਣ ਵਾਲੀਆਂ ਜ਼ਰੂਰੀ ਵਸਤਾਂ ਜਿਵੇਂ ਪੈਟਰੋਲ, ਗੈਸ ਅਤੇ ਡੀਜ਼ਲ ਲਈ ਕੱਚਾ ਤੇਲ, ਡੀ ਏ ਪੀ ਤੇ ਪੋਟਾਸ਼ ਵਰਗੀਆਂ ਖਾਦਾਂ ਅਤੇ ਟਰੈਕਟਰਾਂ, ਸੰਦਾਂ ਦੇ ਕੱਚੇ ਮਾਲ ਦੀ ਦਰਾਮਦ ਲਾਗਤ ਵਧ ਗਈ। ਖੇਤੀ ਲਾਗਤਾਂ ਵਧਣ ਨਾਲ ਉਤਪਾਦਨ ਖ਼ਰਚਾ ਵੀ ਵੱਧ ਹੋ ਰਿਹਾ ਹੈ ਅਤੇ ਆਮ ਬਾਜ਼ਾਰ ਵਿੱਚ ਮਹਿੰਗਾਈ ਦਾ ਸੇਕ ਹੋਰ ਤੇਜ਼ ਹੋਣ ਜਾ ਰਿਹਾ ਹੈ। ਵਿਦੇਸ਼ੀ ਪੂੰਜੀ ਦੀ ਨਿਕਾਸੀ ਦਾ ਅਸਰ ਸਿਰਫ਼ ਮੁੰਬਈ ਦੇ ਸ਼ੇਅਰ ਬਾਜ਼ਾਰ ਦੇ ਅੰਕੜਿਆਂ 'ਤੇ ਹੀ ਨਹੀਂ ਸਗੋਂ ਆਮ ਘਰਾਂ ਦੀਆਂ ਰਸੋਈਆਂ ਦੇ ਬਜਟ 'ਤੇ ਵੀ ਪੈ ਰਿਹਾ ਹੈ।

ਊਰਜਾ ਖੇਤਰ ਦੀਆਂ ਮੁਸ਼ਕਿਲਾਂ ਵੀ ਭਾਰਤੀ ਅਰਥਵਿਵਸਥਾ ਉੱਤੇ ਦਬਾਅ ਵਧਾ ਰਹੀਆਂ ਹਨ। ਸਤੰਬਰ ਦੌਰਾਨ ਬਿਜਲੀ ਦੀ ਵਧੀ ਮੰਗ, ਮੌਨਸੂਨ ਦੀ ਕਮਜ਼ੋਰ ਸਥਿਤੀ ਅਤੇ ਥਰਮਲ ਪਾਵਰ ਪਲਾਂਟਾਂ ਵਿੱਚ ਕੋਲੇ ਦੀ ਉਪਲਬਧਤਾ ਨਾਲ ਜੁੜੀਆਂ ਸਮੱਸਿਆਵਾਂ ਨੇ ਬਿਜਲੀ ਸਪਲਾਈ ਨੂੰ ਪ੍ਰਭਾਵਿਤ ਕੀਤਾ। ਉਪਲੱਬਧ ਅੰਕੜਿਆਂ ਅਨੁਸਾਰ 9 ਸਤੰਬਰ ਨੂੰ ਸਭ ਤੋਂ ਵੱਧ ਮੰਗ ਵੇਲੇ ਬਿਜਲੀ ਦੀ ਘਾਟ ਲਗਪਗ 7.7 ਗੀਗਾਵਾਟ ਤੱਕ ਪਹੁੰਚ ਗਈ ਸੀ। ਬਿਜਲੀ ਦੀ ਪੂਰਤੀ ਵਿੱਚ ਰੁਕਾਵਟ ਕਾਰਨ ਉਦਯੋਗਾਂ ਨੂੰ ਮਹਿੰਗੇ ਡੀਜ਼ਲ ਜੈਨਰੇਟਰਾਂ ਦੀ ਵਰਤੋਂ ਕਰਨੀ ਪੈ ਰਹੀ ਹੈ, ਜਿਸ ਨਾਲ ਉਤਪਾਦਨ ਲਾਗਤ ਵਧ ਰਹੀ ਹੈ ਤੇ ਵਸਤਾਂ ਦੀਆਂ ਕੀਮਤਾਂ ਉੱਤੇ ਦਬਾਅ ਵੀ ਵਧ ਰਿਹਾ ਹੈ।

ਇਸ ਦੇ ਨਾਲ ਹੀ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ ਭਾਰਤੀ ਤੇਲ ਮਾਰਕੀਟਿੰਗ ਕੰਪਨੀਆਂ ਦੇ ਮੁਨਾਫ਼ੇ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਰੇਟਿੰਗ ਏਜੰਸੀ ਇਕਰਾ ਦੇ ਅਨੁਮਾਨਾਂ ਅਨੁਸਾਰ, ਪੈਟਰੋਲ, ਡੀਜ਼ਲ ਤੇ ਘਰੇਲੂ ਗੈਸ ਦੀ ਵਿਕਰੀ 'ਤੇ ਭਾਰਤੀ ਤੇਲ ਕੰਪਨੀਆਂ ਨੂੰ ਲਗਪਗ 530 ਕਰੋੜ ਰੁਪਏ ਦਾ ਨੁਕਸਾਨ ਰੋਜ਼ਾਨਾ ਹੋ ਰਿਹਾ ਹੈ। ਇਸ ਨਾਲ ਸਰਕਾਰ ਸਾਹਮਣੇ ਗੰਭੀਰ ਨੀਤੀਗਤ ਦੁਬਿਧਾ ਖੜ੍ਹੀ ਹੋ ਗਈ ਹੈ ਕਿ ਕੀ ਤੇਲ ਕੰਪਨੀਆਂ ਦੇ ਘਾਟੇ ਦੀ ਭਰਪਾਈ ਸਬਸਿਡੀਆਂ ਰਾਹੀਂ ਕੀਤੀ ਜਾਵੇ ਜਾਂ ਫਿਰ ਇਹ ਬੋਝ ਸਿੱਧਾ ਖਪਤਕਾਰਾਂ 'ਤੇ ਪਾਇਆ ਜਾਵੇ। ਹਾਲਾਤ ਇਹ ਸੰਕੇਤ ਦੇ ਰਹੇ ਹਨ ਕਿ ਆਉਣ ਵਾਲੇ ਦਿਨਾਂ ਵਿੱਚ ਪੈਟਰੋਲੀਅਮ ਕੀਮਤਾਂ ਵਿੱਚ ਵਾਧਾ ਹੋਣਾ ਲਗਪਗ ਤੈਅ ਹੈ। ਸਰਕਾਰ ਪਹਿਲਾਂ ਹੀ ਮਹਿੰਗੇ ਭਾਅ 'ਤੇ ਕੱਚਾ ਤੇਲ ਖ਼ਰੀਦ ਚੁੱਕੀ ਹੈ, ਜਿਸ ਕਾਰਨ ਉਸ ਦੇ ਮੌਜੂਦਾ ਬਜਟ ਅਨੁਮਾਨ ਪੂਰੀ ਤਰ੍ਹਾਂ ਲੀਹੋਂ ਲੱਥ ਚੁੱਕੇ ਹਨ ਅਤੇ ਵਿੱਤੀ ਘਾਟਾ ਵਧਣ ਦਾ ਖ਼ਤਰਾ ਬਣ ਗਿਆ ਹੈ। ਭਾਵੇਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਜਿਹਾ ਕਦਮ ਚੁੱਕਣਾ ਸਿਆਸੀ ਤੌਰ 'ਤੇ ਜੋਖ਼ਮ ਭਰਿਆ ਹੈ, ਪਰ ਵਧਦੇ ਵਿੱਤੀ ਬੋਝ ਅਤੇ ਤੇਲ ਕੰਪਨੀਆਂ ਦੀ ਖ਼ਰਾਬ ਹੁੰਦੀ ਹਾਲਤ ਨੂੰ ਦੇਖਦਿਆਂ ਸਰਕਾਰ ਕੋਲ ਚੋਣਾਂ ਤੋਂ ਪਹਿਲਾਂ ਹੀ ਪ੍ਰਚੂਨ ਕੀਮਤਾਂ ਵਧਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਸ਼ਾਇਦ ਨਾ ਬਚੇ। ਜੇਕਰ ਅਜਿਹਾ ਹੁੰਦਾ ਹੈ ਤਾਂ ਮਾਲ-ਢੁਆਈ ਮਹਿੰਗੀ ਹੋਣ ਨਾਲ ਸਮੁੱਚੀ ਆਰਥਿਕਤਾ ਵਿੱਚ ਮਹਿੰਗਾਈ ਹੋਰ ਵਧੇਗੀ ਅਤੇ ਆਮ ਪਰਿਵਾਰਾਂ ਦਾ ਘਰੇਲੂ ਬਜਟ ਬੁਰੀ ਤਰ੍ਹਾਂ ਡਗਮਗਾ ਜਾਵੇਗਾ।

ਇਨ੍ਹਾਂ ਹਾਲਾਤ ਵਿੱਚ ਭਾਰਤੀ ਕੇਂਦਰੀ ਬੈਂਕ ਨੇ ਰੈਪੋ ਦਰ ਵਿੱਚ 0.25 ਫ਼ੀਸਦੀ ਦਾ ਵਾਧਾ ਕਰਕੇ ਮਹਿੰਗਾਈ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਇਸ ਦੇ ਪ੍ਰਭਾਵ ਵੀ ਸੀਮਿਤ ਹੋ ਸਕਦੇ ਹਨ। ਵਿਆਜ ਦਰਾਂ ਵਿੱਚ ਵਾਧਾ ਕਰਜ਼ੇ ਦੀ ਮੰਗ ਨੂੰ ਤਾਂ ਮੱਠਾ ਕਰ ਸਕਦਾ ਹੈ, ਪਰ ਇਹ ਕਮਜ਼ੋਰ ਮੌਨਸੂਨ, ਕੋਲੇ ਦੀ ਘਾਟ ਜਾਂ ਮਹਿੰਗੀ ਤੇਲ ਦਰਾਮਦ ਦਾ ਸਿੱਧਾ ਹੱਲ ਨਹੀਂ ਹੈ। ਇਸ ਦੇ ਉਲਟ ਕਰਜ਼ਾ ਮਹਿੰਗਾ ਹੋਣ ਨਾਲ ਕੰਪਨੀਆਂ ਦੇ ਨਵੇਂ ਨਿਵੇਸ਼ ਟਲ ਸਕਦੇ ਹਨ ਅਤੇ ਸਿੱਖਿਆ, ਕਾਰ, ਘਰਾਂ ਤੇ ਨਿੱਜੀ ਵਰਤੋਂ ਲਈ ਲਏ ਗਏ ਕਰਜ਼ਿਆਂ ਦੀਆਂ ਕਿਸ਼ਤਾਂ ਵਧ ਸਕਦੀਆਂ ਹਨ। ਸ਼ੇਅਰ ਬਾਜ਼ਾਰ ਵਿੱਚ ਵੀ ਨਿਵੇਸ਼ਕ ਭਵਿੱਖ ਵਿੱਚ ਹੋਰ ਵਿਆਜ ਦਰ ਵਾਧਿਆਂ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਫ਼ੈਸਲੇ ਕਰ ਸਕਦੇ ਹਨ, ਜਿਸ ਨਾਲ ਬਾਜ਼ਾਰ ਵਿੱਚ ਉਤਰਾਅ-ਚੜ੍ਹਾਅ ਵਧ ਸਕਦਾ ਹੈ।

ਸਭ ਤੋਂ ਵੱਡੀ ਚੁਣੌਤੀ ਇਹ ਹੋਵੇਗੀ ਕਿ ਮਹਿੰਗਾਈ ਨੂੰ ਕਾਬੂ ਕਰਨ ਦੇ ਯਤਨਾਂ ਨਾਲ ਆਰਥਿਕ ਵਿਕਾਸ ਅਤੇ ਰੁਜ਼ਗਾਰ ਨੂੰ ਬੇਲੋੜਾ ਨੁਕਸਾਨ ਨਾ ਪਹੁੰਚੇ। ਜੇ ਖੁਰਾਕੀ ਅਤੇ ਊਰਜਾ ਲਾਗਤਾਂ ਉੱਚੀਆਂ ਰਹਿੰਦੀਆਂ ਹਨ ਤਾਂ ਮਹਿੰਗਾਈ ਦੇ ਅਨੁਮਾਨਾਂ ਵਿੱਚ ਹੋਰ ਵਾਧੇ ਅਤੇ ਵਿਕਾਸ ਦਰ ਦੇ ਅਨੁਮਾਨਾਂ ਵਿੱਚ ਕਮੀ ਦੀ ਸੰਭਾਵਨਾ ਬਣ ਸਕਦੀ ਹੈ। ਇਸ ਲਈ ਮੁਦਰਾ ਨੀਤੀ ਦੇ ਨਾਲ ਖੇਤੀਬਾੜੀ ਸਪਲਾਈ, ਵਿੱਤੀ ਅਨੁਸ਼ਾਸਨ ਅਤੇ ਕਮਜ਼ੋਰ ਪਰਿਵਾਰਾਂ ਦੀ ਖਰੀਦ-ਸ਼ਕਤੀ ਦੀ ਰੱਖਿਆ ਲਈ ਤਾਲਮੇਲ ਵਾਲੇ ਕਦਮ ਲੋੜੀਂਦੇ ਹਨ, ਨਹੀਂ ਤਾਂ ਉੱਚੀ ਵਿਕਾਸ ਦਰ ਦੇ ਬਾਵਜੂਦ ਆਮ ਲੋਕਾਂ ਨੂੰ ਮਹਿੰਗਾਈ, ਮਹਿੰਗੇ ਕਰਜ਼ੇ ਅਤੇ ਘਟਦੀ ਬੱਚਤ ਦੀ ਦੂਹਰੀ ਮਾਰ ਝੱਲਣੀ ਪੈ ਸਕਦੀ ਹੈ।

ਅੱਗੇ ਦੀ ਚੁਣੌਤੀ ਮਹਿੰਗਾਈ 'ਤੇ ਕਾਬੂ ਪਾਉਂਦਿਆਂ ਵਿਕਾਸ ਅਤੇ ਰੁਜ਼ਗਾਰ ਦੀ ਰਫ਼ਤਾਰ ਕਾਇਮ ਰੱਖਣਾ ਹੈ।



ਖੁਰਾਕੀ ਵਸਤਾਂ ਤੇ ਊਰਜਾ ਦੀਆਂ ਉੱਚੀਆਂ ਕੀਮਤਾਂ ਮਹਿੰਗਾਈ ਵਧਾ ਅਤੇ ਵਿਕਾਸ ਨੂੰ ਮੱਠਾ ਪਾ ਸਕਦੀਆਂ ਹਨ। ਇਸ ਲਈ ਵਿਆਜ ਦਰਾਂ ਦੇ ਨਾਲ ਖੇਤੀਬਾੜੀ ਸਪਲਾਈ, ਊਰਜਾ ਸੁਰੱਖਿਆ, ਵਿੱਤੀ ਅਨੁਸ਼ਾਸਨ ਅਤੇ ਕਮਜ਼ੋਰ ਵਰਗਾਂ ਦੀ ਖਰੀਦ-ਸ਼ਕਤੀ ਦੀ ਰਾਖੀ ਲਈ ਤਾਲਮੇਲ ਵਾਲੇ ਕਦਮ ਜ਼ਰੂਰੀ ਹਨ। ਇਹ ਕਦਮ ਨਾ ਚੁੱਕੇ ਗਏ ਤਾਂ ਵਿਕਾਸ ਦਰ ਦੀ ਰੌਸ਼ਨੀ ਦੇ ਬਾਵਜੂਦ ਮਹਿੰਗਾਈ ਦਾ ਹਨੇਰਾ ਆਮ ਲੋਕਾਂ ਦੀ ਖਰੀਦ-ਸ਼ਕਤੀ, ਬੱਚਤ ਅਤੇ ਜੀਵਨ ਪੱਧਰ ਨੂੰ ਧੁੰਦਲਾ ਕਰਦਾ ਰਹੇਗਾ।

ਪੰਜਾਬ

## ਸਿਰਫ਼ 1 ਰੈਂਕ ਕਾਰਨ ਪਾਇਲਟ ਬਣਨ ਤੋਂ ਰਹਿ ਗਏ ਸਨ 'ਮਿਜ਼ਾਈਲ ਮੈਨ', ਕਿਵੇਂ ਟੁੱਟੇ ਸੁਪਨੇ ਨੇ ਬਦਲ ਦਿੱਤੀ ਕਿਸਮਤ?

ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਜਨਮ ਜਯੰਤੀ 'ਤੇ ਜਾਣੋ, ਪਾਇਲਟ ਦੀ ਪ੍ਰੀਖਿਆ ਵਿੱਚ 8 ਸੀਟਾਂ ਲਈ 9ਵਾਂ ਸਥਾਨ ਹਾਸਲ ਕਰਨਾ ਕਿਵੇਂ ਬਣਿਆ ਉਨ੍ਹਾਂ ਦੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਅਤੇ ਕਿਵੇਂ ਖੁੱਲ੍ਹਿਆ ਮਿਜ਼ਾਈਲ ਮੈਨ ਬਣਨ ਦਾ ਰਾਹ।

ਡਾ. ਏ.ਪੀ.ਜੇ. ਅਬਦੁਲ ਕਲਾਮ ਨੂੰ ਭਾਰਤ ਵਿੱਚ ਮਿਜ਼ਾਈਲ ਮੈਨ ਅਤੇ ਪ੍ਰਸਿੱਧ ਰਾਸ਼ਟਰਪਤੀ ਵਜੋਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਪਛਾਣ ਵਿਗਿਆਨ, ਸਿੱਖਿਆ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਨਾਲ ਜੁੜੀ ਹੋਈ ਹੈ। ਪਰ ਉਨ੍ਹਾਂ ਦੇ ਜੀਵਨ ਵਿੱਚ ਇੱਕ ਅਜਿਹਾ ਮੋੜ ਵੀ ਆਇਆ ਸੀ, ਜਦੋਂ ਉਹ ਨਿਰਾਸ਼ ਹੋ ਗਏ ਸਨ। ਉਨ੍ਹਾਂ ਦਾ ਸੁਪਨਾ ਕੁਝ ਹੋਰ ਸੀ। ਉਹ ਉਸ ਦਿਸ਼ਾ ਵਿੱਚ ਅੱਗੇ ਵੀ ਵਧੇ, ਪਰ ਸਫ਼ਲ ਨਹੀਂ ਹੋ ਸਕੇ। ਉਹ ਭਾਰਤੀ ਹਵਾਈ ਸੈਨਾ ਵਿੱਚ ਫਾਈਟਰ ਪਾਇਲਟ ਬਣਨਾ ਚਾਹੁੰਦੇ ਸਨ, ਪਰ ਆਪਣਾ ਇਹ ਸੁਪਨਾ ਪੂਰਾ ਨਹੀਂ ਕਰ ਸਕੇ। ਇਹ ਵੱਖਰੀ ਗੱਲ ਹੈ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ ਉਹ ਤਿੰਨਾਂ ਸੈਨਾਵਾਂ ਦੇ ਸੁਪਰੀਮ ਕਮਾਂਡਰ ਜ਼ਰੂਰ ਬਣੇ। ਆਓ, ਡਾ. ਕਲਾਮ ਦੀ ਜਨਮ ਜਯੰਤੀ (15 ਅਕਤੂਬਰ) ਮੌਕੇ ਜਾਣਦੇ ਹਾਂ ਕਿ ਉਹ ਫਾਈਟਰ ਪਾਇਲਟ ਕਿਉਂ ਨਹੀਂ ਬਣ ਸਕੇ ਅਤੇ ਇਸ ਨਿਰਾਸ਼ਾ ਵਿੱਚੋਂ ਕਿਵੇਂ ਬਾਹਰ ਨਿਕਲੇ।

ਡਾ. ਅਬਦੁਲ ਕਲਾਮ ਦਾ ਜਨਮ 15 ਅਕਤੂਬਰ 1931 ਨੂੰ ਤਾਮਿਲਨਾਡੂ ਦੇ ਰਾਮੇਸ਼ਵਰਮ ਵਿੱਚ ਹੋਇਆ ਸੀ। ਉਨ੍ਹਾਂ ਦਾ ਬਚਪਨ ਸਾਧਾਰਨ ਹਾਲਾਤ ਵਿੱਚ ਬੀਤਿਆ। ਉਨ੍ਹਾਂ ਦਾ ਪਰਿਵਾਰ ਆਰਥਿਕ ਤੌਰ 'ਤੇ ਬਹੁਤ ਖ਼ੁਸ਼ਹਾਲ ਨਹੀਂ ਸੀ, ਪਰ ਘਰ ਵਿੱਚ ਮਿਹਨਤ, ਅਨੁਸ਼ਾਸਨ ਅਤੇ ਸਵੈ-ਮਾਣ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਸੀ। ਛੋਟੇ ਕਲਾਮ ਦੀ ਅਸਮਾਨ ਅਤੇ ਉੱਡਦੇ ਜਹਾਜ਼ਾਂ ਵਿੱਚ ਡੂੰਘੀ ਦਿਲਚਸਪੀ ਸੀ। ਜਦੋਂ ਉਹ ਜਹਾਜ਼ ਦੇਖਦੇ ਸਨ, ਤਾਂ ਉਨ੍ਹਾਂ ਦੇ ਮਨ ਵਿੱਚ ਇਹ ਜਾਣਨ ਦੀ ਉਤਸੁਕਤਾ ਪੈਦਾ ਹੁੰਦੀ ਸੀ ਕਿ ਇਹ ਕਿਵੇਂ ਉੱਡਦਾ ਹੈ। ਉਡਾਣ ਪ੍ਰਤੀ ਇਹ ਖਿੱਚ ਹੌਲੀ-ਹੌਲੀ ਉਨ੍ਹਾਂ ਦੇ ਮਨ ਵਿੱਚ ਇੱਕ ਸੁਪਨਾ ਬਣ ਗਈ।

ਉਹ ਵੱਡੇ ਹੋ ਕੇ ਹਵਾਈ ਸੈਨਾ ਦੇ ਪਾਇਲਟ ਬਣਨਾ ਚਾਹੁੰਦੇ ਸਨ। ਉਨ੍ਹਾਂ ਦਾ ਸੁਪਨਾ ਸਿਰਫ਼ ਕਲਪਨਾ ਤੱਕ ਸੀਮਤ ਨਹੀਂ ਸੀ। ਉਨ੍ਹਾਂ ਨੇ ਪੜ੍ਹਾਈ ਕੀਤੀ, ਵਿਗਿਆਨ ਨੂੰ ਸਮਝਿਆ ਅਤੇ ਆਪਣੇ ਟੀਚੇ ਵੱਲ ਅੱਗੇ ਵਧਦੇ ਰਹੇ। ਉਨ੍ਹਾਂ ਦੀ ਸਿੱਖਿਆ ਨੇ ਉਨ੍ਹਾਂ ਨੂੰ ਹਵਾਬਾਜ਼ੀ ਅਤੇ ਤਕਨੀਕ ਨਾਲ ਜੁੜੇ ਖੇਤਰ ਦੇ ਨੇੜੇ ਪਹੁੰਚਾਇਆ। ਉਹ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਸਨ।

ਪਾਇਲਟ ਬਣਨ ਦੀ ਇੱਛਾ ਉਨ੍ਹਾਂ ਨੂੰ ਹਵਾਈ ਸੈਨਾ ਦੀ ਚੋਣ ਪ੍ਰਕਿਰਿਆ ਤੱਕ ਲੈ ਗਈ। ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਲਈ ਉਹ ਦੇਹਰਾਦੂਨ ਪਹੁੰਚੇ। ਉੱਥੇ ਉਮੀਦਵਾਰਾਂ ਦੀ ਯੋਗਤਾ, ਸਮਰੱਥਾ ਅਤੇ ਸ਼ਖ਼ਸੀਅਤ ਨੂੰ ਪਰਖਿਆ ਜਾ ਰਿਹਾ ਸੀ। ਇਹ ਉਨ੍ਹਾਂ ਲਈ ਸਿਰਫ਼ ਇੱਕ ਪ੍ਰੀਖਿਆ ਨਹੀਂ ਸੀ, ਸਗੋਂ ਉਸ ਭਵਿੱਖ ਦਾ ਦਰਵਾਜ਼ਾ ਸੀ, ਜਿਸ ਦੀ ਉਹ ਕਈ ਸਾਲਾਂ ਤੋਂ ਕਲਪਨਾ ਕਰਦੇ ਆ ਰਹੇ ਸਨ। ਕਲਾਮ ਨੇ ਚੋਣ ਪ੍ਰਕਿਰਿਆ ਵਿੱਚ ਹਿੱਸਾ ਲਿਆ। ਜਦੋਂ ਨਤੀਜਾ ਆਇਆ, ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਚੋਣ ਸੂਚੀ ਵਿੱਚ ਨੌਵੇਂ ਸਥਾਨ 'ਤੇ ਸਨ।

ਉਸ ਸਮੇਂ ਹਵਾਈ ਸੈਨਾ ਵਿੱਚ ਸਿਰਫ਼ ਅੱਠ ਅਹੁਦੇ ਉਪਲਬਧ ਸਨ। ਉਹ ਆਪਣੀ ਮੰਜ਼ਿਲ ਦੇ ਬਹੁਤ ਨੇੜੇ ਸਨ, ਪਰ ਚੁਣੇ ਨਹੀਂ ਜਾ ਸਕੇ। ਇਹ ਖ਼ਬਰ ਉਨ੍ਹਾਂ ਲਈ ਨਿਰਾਸ਼ਾਜਨਕ ਸੀ। ਸਿਰਫ਼ ਇੱਕ ਸਥਾਨ ਦਾ ਫ਼ਰਕ ਉਨ੍ਹਾਂ ਦੇ ਪੁਰਾਣੇ ਸੁਪਨੇ ਅਤੇ ਹਕੀਕਤ ਵਿਚਕਾਰ ਖੜ੍ਹਾ ਸੀ। ਉਨ੍ਹਾਂ ਨੇ ਮਿਹਨਤ ਕੀਤੀ ਸੀ ਅਤੇ ਉਮੀਦ ਵੀ ਰੱਖੀ ਸੀ, ਪਰ ਫਿਰ ਵੀ ਨਤੀਜਾ ਉਨ੍ਹਾਂ ਦੇ ਹੱਕ ਵਿੱਚ ਨਹੀਂ ਆਇਆ।

ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਨੇ 2006 ਵਿੱਚ ਲੜਾਕੂ ਜਹਾਜ਼ ਵਿੱਚ ਉਡਾਣ ਭਰੀ ਸੀ। ਉਹ ਫਾਈਟਰ ਜੈੱਟ ਵਿੱਚ ਉਡਾਣ ਭਰਨ ਵਾਲੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਸਨ।

ਜਦੋਂ ਕਿਸੇ ਟੀਚੇ ਨੂੰ ਹਾਸਲ ਕਰਨ ਲਈ ਪੂਰੀ ਮਿਹਨਤ ਕਰਨ ਦੇ ਬਾਵਜੂਦ ਸਫ਼ਲਤਾ ਨਾ ਮਿਲੇ, ਤਾਂ ਮਨ ਟੁੱਟ ਸਕਦਾ ਹੈ। ਕਲਾਮ ਨਾਲ ਵੀ ਅਜਿਹਾ ਹੀ ਹੋਇਆ।




ਸਿਰਫ਼ 1 ਰੈਂਕ ਕਾਰਨ ਪਾਇਲਟ ਬਣਨ ਤੋਂ ਰਹਿ ਗਏ ਸਨ 'ਮਿਜ਼ਾਈਲ ਮੈਨ', ਕਿਵੇਂ ਟੁੱਟੇ ਸੁਪਨੇ

### ਸਿਰਫ਼ 1 ਰੈਂਕ ਕਾਰਨ ਪਾਇਲਟ ਬਣਨ ਤੋਂ ਰਹਿ ਗਏ ਸਨ 'ਮਿਜ਼ਾਈਲ ਮੈਨ', ਕਿਵੇਂ ਟੁੱਟੇ ਸੁਪਨੇ ਨੇ ਬਦਲ ਦਿੱਤੀ ਕਿਸਮਤ? (ਜਾਰੀ)

ਉਹ ਨਿਰਾਸ਼ ਸਨ ਅਤੇ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਹੁਣ ਅੱਗੇ ਕੀ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਸੁਪਨਾ ਸਪੱਸ਼ਟ ਸੀ, ਪਰ ਉਸ ਸਮੇਂ ਉਹ ਰਸਤਾ ਬੰਦ ਹੁੰਦਾ ਦਿਖਾਈ ਦੇ ਰਿਹਾ ਸੀ।

ਇਹ ਤਜਰਬਾ ਦੱਸਦਾ ਹੈ ਕਿ ਮਹਾਨ ਵਿਅਕਤੀ ਵੀ ਅਸਫ਼ਲਤਾ ਅਤੇ ਦੁੱਖ ਵਿੱਚੋਂ ਲੰਘਦੇ ਹਨ। ਉਨ੍ਹਾਂ ਦੀ ਖ਼ਾਸੀਅਤ ਇਹ ਨਹੀਂ ਹੁੰਦੀ ਕਿ ਉਹ ਕਦੇ ਨਿਰਾਸ਼ ਨਹੀਂ ਹੁੰਦੇ, ਸਗੋਂ ਇਹ ਹੁੰਦੀ ਹੈ ਕਿ ਉਹ ਨਿਰਾਸ਼ਾ ਤੋਂ ਬਾਅਦ ਕੀ ਕਰਦੇ ਹਨ।

ਕਲਾਮ ਨੇ ਆਪਣੀ ਸਵੈ-ਜੀਵਨੀ ਵਿੱਚ ਵੀ ਜੀਵਨ ਦੇ ਇਸ ਪ੍ਰਸੰਗ ਨੂੰ ਯਾਦ ਕੀਤਾ ਹੈ। ਉਨ੍ਹਾਂ ਲਈ ਇਹ ਇੱਕ ਮੁਸ਼ਕਲ ਮੋੜ ਸੀ, ਪਰ ਇਹੀ ਮੋੜ ਅੱਗੇ ਚੱਲ ਕੇ ਉਨ੍ਹਾਂ ਦੇ ਜੀਵਨ ਦੀ ਦਿਸ਼ਾ ਬਦਲਣ ਵਾਲਾ ਸਾਬਤ ਹੋਇਆ।

ਚੋਣ ਵਿੱਚ ਅਸਫ਼ਲ ਹੋਣ ਤੋਂ ਬਾਅਦ ਕਲਾਮ ਰਿਸ਼ੀਕੇਸ਼ ਗਏ। ਉੱਥੇ ਉਨ੍ਹਾਂ ਦੀ ਮੁਲਾਕਾਤ ਸਵਾਮੀ ਸ਼ਿਵਾਨੰਦ ਨਾਲ ਹੋਈ। ਉਨ੍ਹਾਂ ਨੇ ਆਪਣੇ ਮਨ ਦੀ ਨਿਰਾਸ਼ਾ ਸਵਾਮੀ ਸ਼ਿਵਾਨੰਦ ਨਾਲ ਸਾਂਝੀ ਕੀਤੀ। ਸਵਾਮੀ ਸ਼ਿਵਾਨੰਦ ਨੇ ਉਨ੍ਹਾਂ ਨੂੰ ਸਮਝਾਇਆ ਕਿ ਜੀਵਨ ਵਿੱਚ ਹਰ ਘਟਨਾ ਨੂੰ ਸਵੀਕਾਰ ਕਰਨਾ ਅਤੇ ਅੱਗੇ ਵਧਣਾ ਜ਼ਰੂਰੀ ਹੈ। ਇਸ ਮੁਲਾਕਾਤ ਨੇ ਕਲਾਮ ਨੂੰ ਆਪਣੇ ਹਾਲਾਤ ਬਾਰੇ ਨਵੇਂ ਨਜ਼ਰੀਏ ਨਾਲ ਸੋਚਣ ਵਿੱਚ ਮਦਦ ਕੀਤੀ।

ਉਹ ਇਹ ਸਮਝਣ ਲੱਗੇ ਕਿ ਫਾਈਟਰ ਪਾਇਲਟ ਨਾ ਬਣ ਸਕਣਾ ਉਨ੍ਹਾਂ ਦੀ ਸਮਰੱਥਾ ਦਾ ਅੰਤ ਨਹੀਂ ਸੀ। ਸੰਭਵ ਹੈ ਕਿ ਉਨ੍ਹਾਂ ਲਈ ਕੋਈ ਹੋਰ ਕੰਮ ਤੈਅ ਹੋਵੇ, ਜਿਸ ਰਾਹੀਂ ਉਹ ਦੇਸ਼ ਲਈ ਯੋਗਦਾਨ ਪਾ ਸਕਣ। ਇਹ ਵਿਚਾਰ ਉਨ੍ਹਾਂ ਲਈ ਆਸਾਨ ਨਹੀਂ ਰਿਹਾ ਹੋਵੇਗਾ। ਆਪਣੇ ਸਭ ਤੋਂ ਵੱਡੇ ਸੁਪਨੇ ਤੋਂ ਪਿੱਛੇ ਹਟਣਾ ਮੁਸ਼ਕਲ ਹੁੰਦਾ ਹੈ। ਪਰ ਉਨ੍ਹਾਂ ਨੇ ਹੌਲੀ-ਹੌਲੀ ਆਪਣੇ ਮਨ ਨੂੰ ਸੰਭਾਲਿਆ ਅਤੇ ਅਸਫ਼ਲਤਾ ਨੂੰ ਆਪਣੀ ਪਛਾਣ ਨਹੀਂ ਬਣਨ ਦਿੱਤਾ।

ਕਲਾਮ ਨੇ ਹਵਾਬਾਜ਼ੀ ਅਤੇ ਪੁਲਾੜ ਨਾਲ ਜੁੜੇ ਤਕਨੀਕੀ ਖੇਤਰ ਵਿੱਚ ਆਪਣਾ ਕੰਮ ਜਾਰੀ ਰੱਖਿਆ। ਉਨ੍ਹਾਂ ਨੇ ਰੱਖਿਆ ਅਤੇ ਪੁਲਾੜ ਪ੍ਰੋਗਰਾਮਾਂ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਵਿਗਿਆਨੀ ਬਣੇ ਅਤੇ ਭਾਰਤ ਦੇ ਮਿਜ਼ਾਈਲ ਵਿਕਾਸ ਪ੍ਰੋਗਰਾਮ ਨਾਲ ਜੁੜੇ। ਇਸੇ ਯੋਗਦਾਨ ਕਾਰਨ ਉਨ੍ਹਾਂ ਨੂੰ ਮਿਜ਼ਾਈਲ ਮੈਨ ਦੇ ਨਾਂ ਨਾਲ ਜਾਣਿਆ ਜਾਣ ਲੱਗਾ।

ਉਨ੍ਹਾਂ ਨੇ ਭਾਰਤ ਦੇ ਪੁਲਾੜ ਪ੍ਰੋਗਰਾਮ ਵਿੱਚ ਵੀ ਕੰਮ ਕੀਤਾ। ਸੈਟੇਲਾਈਟ ਲਾਂਚ ਵਹੀਕਲ ਦੇ ਵਿਕਾਸ ਨਾਲ ਜੁੜੀ ਉਨ੍ਹਾਂ ਦੀ ਭੂਮਿਕਾ ਨੇ ਦੇਸ਼ ਦੀ ਵਿਗਿਆਨਕ ਸਮਰੱਥਾ ਨੂੰ ਅੱਗੇ ਵਧਾਉਣ ਵਿੱਚ ਮਦਦ ਕੀਤੀ। ਬਾਅਦ ਵਿੱਚ ਉਹ ਭਾਰਤ ਦੇ ਰਾਸ਼ਟਰਪਤੀ ਬਣੇ।

ਰਾਸ਼ਟਰਪਤੀ ਵਜੋਂ ਵੀ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਨੌਜਵਾਨਾਂ ਨਾਲ ਗੱਲਬਾਤ ਕਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ। ਉਨ੍ਹਾਂ ਦੇ ਜੀਵਨ ਵਿੱਚ ਸਿੱਖਿਆ, ਮਿਹਨਤ, ਮੌਕਿਆਂ ਅਤੇ ਕਈ ਲੋਕਾਂ ਦੇ ਸਹਿਯੋਗ ਦੀ ਅਹਿਮ ਭੂਮਿਕਾ ਰਹੀ। ਪਰ ਹਵਾਈ ਸੈਨਾ ਵਿੱਚ ਚੁਣੇ ਨਾ ਜਾਣ ਦੀ ਘਟਨਾ ਉਨ੍ਹਾਂ ਦੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਜ਼ਰੂਰ ਸੀ। ਇਸ ਨੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੀ ਦਿਸ਼ਾ ਬਾਰੇ ਨਵੇਂ ਸਿਰੇ ਤੋਂ ਸੋਚਣ ਦਾ ਮੌਕਾ ਦਿੱਤਾ।

ਕਲਾਮ ਦੀ ਕਹਾਣੀ ਨੌਜਵਾਨਾਂ ਨੂੰ ਕਈ ਗੱਲਾਂ ਸਿਖਾਉਂਦੀ ਹੈ। ਪਹਿਲੀ ਗੱਲ ਇਹ ਹੈ ਕਿ ਸੁਪਨੇ ਦੇਖਣੇ ਜ਼ਰੂਰੀ ਹਨ। ਦੂਜੀ ਗੱਲ ਇਹ ਹੈ ਕਿ ਸੁਪਨੇ ਪੂਰੇ ਕਰਨ ਲਈ ਮਿਹਨਤ ਅਤੇ ਤਿਆਰੀ ਵੀ ਓਨੀ ਹੀ ਜ਼ਰੂਰੀ ਹੈ। ਤੀਜੀ ਗੱਲ ਇਹ ਹੈ ਕਿ ਹਰ ਕੋਸ਼ਿਸ਼ ਦਾ ਨਤੀਜਾ ਸਾਡੀ ਇੱਛਾ ਅਨੁਸਾਰ ਨਹੀਂ ਆਉਂਦਾ। ਜਦੋਂ ਅਸਫ਼ਲਤਾ ਮਿਲੇ, ਤਾਂ ਆਪਣੇ ਆਪ ਨੂੰ ਬੇਕਾਰ ਸਮਝਣਾ ਸਹੀ ਨਹੀਂ ਹੈ। ਕੋਈ ਇੱਕ ਪ੍ਰੀਖਿਆ ਜਾਂ ਚੋਣ ਪ੍ਰਕਿਰਿਆ ਕਿਸੇ ਵਿਅਕਤੀ ਦੀ ਪੂਰੀ ਸਮਰੱਥਾ ਦਾ ਫ਼ੈਸਲਾ ਨਹੀਂ ਕਰਦੀ। ਇਹ ਸਿਰਫ਼ ਕਿਸੇ ਖ਼ਾਸ ਸਮੇਂ ਅਤੇ ਹਾਲਾਤ ਦੇ ਨਤੀਜੇ ਨੂੰ ਦਰਸਾਉਂਦੀ ਹੈ।

ਕਲਾਮ ਦੀ ਮਿਸਾਲ ਇਹ ਵੀ ਦੱਸਦੀ ਹੈ ਕਿ ਟੀਚਾ ਬਦਲਣਾ ਕਮਜ਼ੋਰੀ ਨਹੀਂ ਹੈ। ਕਈ ਵਾਰ ਹਾਲਾਤ ਦੇ ਅਨੁਸਾਰ ਨਵੀਂ ਦਿਸ਼ਾ ਚੁਣਨਾ ਸਮਝਦਾਰੀ ਹੁੰਦੀ ਹੈ। ਆਪਣੇ ਮੂਲ ਉਦੇਸ਼, ਭਾਵ ਸਮਾਜ ਅਤੇ ਦੇਸ਼ ਲਈ ਕੁਝ ਚੰਗਾ ਕਰਨ ਦੀ ਭਾਵਨਾ ਨੂੰ ਕਾਇਮ ਰੱਖਦਿਆਂ ਰਸਤਾ ਬਦਲਿਆ ਜਾ ਸਕਦਾ ਹੈ।

15 ਅਕਤੂਬਰ ਨੂੰ ਉਨ੍ਹਾਂ ਦੀ ਜਨਮ ਜਯੰਤੀ ਮੌਕੇ ਅਸੀਂ ਉਨ੍ਹਾਂ ਦੇ ਵਿਗਿਆਨਕ ਯੋਗਦਾਨ ਅਤੇ ਰਾਸ਼ਟਰਪਤੀ ਵਜੋਂ ਨਿਭਾਈ ਸੇਵਾ ਨੂੰ ਯਾਦ ਕਰਦੇ ਹਾਂ। ਇਸ ਦੇ ਨਾਲ ਹੀ ਉਨ੍ਹਾਂ ਦੇ ਜੀਵਨ ਦਾ ਇਹ ਸ਼ੁਰੂਆਤੀ ਸੰਘਰਸ਼ ਵੀ ਸਾਨੂੰ ਪ੍ਰੇਰਿਤ ਕਰਦਾ ਹੈ।

ਫਾਈਟਰ ਪਾਇਲਟ ਬਣਨ ਦਾ ਉਨ੍ਹਾਂ ਦਾ ਸੁਪਨਾ ਪੂਰਾ ਨਹੀਂ ਹੋਇਆ, ਪਰ ਉਨ੍ਹਾਂ ਨੇ ਆਪਣੇ ਅੰਦਰ ਦੀ ਜਿਗਿਆਸਾ ਅਤੇ ਦੇਸ਼ ਦੀ ਸੇਵਾ ਕਰਨ ਦੀ ਭਾਵਨਾ ਨੂੰ ਜਿਉਂਦਾ ਰੱਖਿਆ। ਕਲਾਮ ਸਾਹਿਬ ਦੀ ਜੀਵਨ ਯਾਤਰਾ ਸਾਨੂੰ ਦੱਸਦੀ ਹੈ ਕਿ ਅਸਫ਼ਲਤਾ ਤੋਂ ਬਾਅਦ ਵੀ ਅੱਗੇ ਵਧਣ ਦੇ ਰਸਤੇ ਹੁੰਦੇ ਹਨ। ਕਈ ਵਾਰ ਇੱਕ ਬੰਦ ਦਰਵਾਜ਼ਾ ਸਾਨੂੰ ਕਿਸੇ ਨਵੇਂ ਮੌਕੇ ਵੱਲ ਮੋੜ ਦਿੰਦਾ ਹੈ।

ਜ਼ਰੂਰੀ ਇਹ ਹੈ ਕਿ ਅਸੀਂ ਨਿਰਾਸ਼ਾ ਵਿੱਚ ਰੁਕੀਏ ਨਾ, ਆਪਣੀ ਸਮਰੱਥਾ 'ਤੇ ਭਰੋਸਾ ਰੱਖੀਏ ਅਤੇ ਨਵੇਂ ਰਸਤੇ ਲੱਭਦੇ ਰਹੀਏ।

### ਸਿਰਫ਼ 1 ਰੈਂਕ ਕਾਰਨ ਪਾਇਲਟ ਬਣਨ ਤੋਂ ਰਹਿ ਗਏ ਸਨ 'ਮਿਜ਼ਾਈਲ ਮੈਨ', ਕਿਵੇਂ ਟੁੱਟੇ ਸੁਪਨੇ ਨੇ ਬਦਲ ਦਿੱਤੀ ਕਿਸਮਤ? (ਜਾਰੀ)

ਜਿਸ ਨੌਜਵਾਨ ਨੂੰ ਹਵਾਈ ਸੈਨਾ ਵਿੱਚ ਨੌਵੇਂ ਸਥਾਨ 'ਤੇ ਆਉਣ ਕਾਰਨ ਚੁਣਿਆ ਨਹੀਂ ਗਿਆ ਸੀ, ਉਹੀ ਅੱਗੇ ਚੱਲ ਕੇ ਦੇਸ਼ ਦੇ ਸਭ ਤੋਂ ਸਨਮਾਨਿਤ ਵਿਗਿਆਨੀਆਂ ਅਤੇ ਰਾਸ਼ਟਰਪਤੀਆਂ ਵਿੱਚ ਗਿਣਿਆ ਜਾਣ ਲੱਗਾ। ਉਨ੍ਹਾਂ ਦੀ ਕਹਾਣੀ ਦਾ ਸਾਰ ਇਹੀ ਹੈ ਕਿ ਇੱਕ ਸੁਪਨਾ ਅਧੂਰਾ ਰਹਿ ਸਕਦਾ ਹੈ, ਪਰ ਜੀਵਨ ਦੀਆਂ ਸੰਭਾਵਨਾਵਾਂ ਕਦੇ ਵੀ ਸਿਰਫ਼ ਉਸੇ ਇੱਕ ਸੁਪਨੇ ਤੱਕ ਸੀਮਤ ਨਹੀਂ ਹੁੰਦੀਆਂ।

ਪੰਜਾਬ • ਮਾਨਸਾ

## ਮਾਨਸਾ 'ਚ ਹੁਣ ਕਿਵੇਂ ਦੇ ਹਾਲਾਤ? ਪਰਵਿੰਦਰ ਝੋਟਾ ਕਤਲ ਮਾਮਲੇ ਦੀ ਗਰਾਊਂਡ ਰਿਪੋਰਟ

ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਨੂੰ ਲੈ ਕੇ ਮਾਨਸਾ 'ਚ ਪਰਿਵਾਰ ਤੇ ਸਮਰਥਕਾਂ ਵੱਲੋਂ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਇਨਸਾਫ਼ ਦਿਵਾਉਣ ਲਈ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ।

ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ 'ਚ ਇਨਸਾਫ਼ ਦੀ ਮੰਗ ਨੂੰ ਲੈ ਕੇ ਅੱਜ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ। ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਬੰਦ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ, ਜਦਕਿ ਮਾਨਸਾ 'ਚ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। 13 ਅਕਤੂਬਰ ਨੂੰ ਪਰਵਿੰਦਰ ਸਿੰਘ ਝੋਟਾ ਦਾ ਕਤਲ ਹੋਣ ਤੋਂ ਬਾਅਦ ਅਜੇ ਤੱਕ ਉਨ੍ਹਾਂ ਦਾ ਅੰਤਿਮ ਸਸਕਾਰ ਨਹੀਂ ਕੀਤਾ ਗਿਆ। ਮ੍ਰਿਤਕ ਦੇਹ ਮਾਨਸਾ ਦੇ ਸਿਵਲ ਹਸਪਤਾਲ ਦੀ ਮੋਰਚਰੀ 'ਚ ਰੱਖੀ ਹੋਈ ਹੈ, ਜਿੱਥੇ ਨਿਹੰਗ ਸਿੰਘਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਹਨ।

ਮ੍ਰਿਤਕ ਦੇਹ ਵਾਲੀ ਥਾਂ ਤੇ ਲੋਕਾਂ ਵੱਲੋਂ ਪਹਿਰਾ ਦਿੱਤਾ ਜਾ ਰਿਹਾ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਪਰਿਵਾਰ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਦੋਂ ਤੱਕ ਮ੍ਰਿਤਕ ਦੇਹ ਦਾ ਪੋਸਟਮਾਰਟਮ ਤੇ ਅੰਤਿਮ ਸਸਕਾਰ ਨਹੀਂ ਹੋਣ ਦਿੱਤਾ ਜਾਵੇਗਾ।

ਪੁਲਿਸ ਨੇ ਪਰਵਿੰਦਰ ਸਿੰਘ ਝੋਟਾ ਤੇ ਗੋਲੀਆਂ ਚਲਾਉਣ ਦੇ ਮਾਮਲੇ 'ਚ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਉਸ ਦੇ ਜੱਦੀ ਘਰ ਦੇ ਅਗਲੇ ਹਿੱਸੇ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ ਗਿਆ। ਦੱਸਿਆ ਗਿਆ ਕਿ ਇਹ ਹਿੱਸਾ ਕਥਿਤ ਤੌਰ ਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਬਣਾਇਆ ਗਿਆ ਸੀ। ਇਸ ਤੋਂ ਇਲਾਵਾ ਅਸ਼ਵਨੀ ਕੁਮਾਰ ਦੀ ਦੁਕਾਨ ਨੂੰ ਨਸ਼ਾ ਤਸਕਰੀ ਦੇ ਇਲਜ਼ਾਮ ਤਹਿਤ ਬੁਲਡੋਜ਼ਰ ਨਾਲ ਢਾਹਿਆ ਗਿਆ। ਇਸ ਕਾਰਵਾਈ ਤੋਂ ਬਾਅਦ ਗੁੱਸੇ 'ਚ ਆਏ ਕੁਝ ਲੋਕਾਂ ਵੱਲੋਂ ਦੁਕਾਨ ਨੂੰ ਅੱਗ ਲਗਾ ਦਿੱਤੀ ਗਈ।

ਇਸ ਦੌਰਾਨ ਪ੍ਰਦਰਸ਼ਨ ਕਰ ਰਹੇ ਲੋਕਾਂ 'ਚ ਇਹ ਅਫ਼ਵਾਹ ਫੈਲ ਗਈ ਕਿ ਅਸ਼ਵਨੀ ਕੁਮਾਰ ਦੀ ਰਿਹਾਇਸ਼ੀ ਕੋਠੀ ਮਾਨਸਾ ਦੀ ਗ੍ਰੀਨ ਵੈਲੀ ਕਲੋਨੀ 'ਚ ਹੈ। ਇਸ ਤੋਂ ਬਾਅਦ ਸਮਰਥਕਾਂ ਦੀ ਭੀੜ ਗ੍ਰੀਨ ਵੈਲੀ 'ਚ ਪਹੁੰਚ ਗਈ ਤੇ ਇੱਕ ਕੋਠੀ ਨੂੰ ਅਸ਼ਵਨੀ ਕੁਮਾਰ ਦੀ ਰਿਹਾਇਸ਼ ਦੱਸਿਆ ਜਾਣ ਲੱਗਾ। ਹਾਲਾਂਕਿ, ਕੋਠੀ ਦੇ ਮਾਲਕ ਨੇ ਕੈਮਰੇ ਸਾਹਮਣੇ ਆ ਕੇ ਸਪੱਸ਼ਟ ਕੀਤਾ ਕਿ ਇਹ ਉਸ ਦੀ ਆਪਣੀ ਕੋਠੀ ਹੈ ਤੇ ਇਸ ਦਾ ਅਸ਼ਵਨੀ ਕੁਮਾਰ ਨਾਲ ਕੋਈ ਸਬੰਧ ਨਹੀਂ ਹੈ। ਇਸ ਤਰ੍ਹਾਂ ਇਹ ਦਾਅਵਾ ਅਫ਼ਵਾਹ ਸਾਬਤ ਹੋਇਆ।

ਅਫ਼ਵਾਹਾਂ ਦੇ ਮੱਦੇਨਜ਼ਰ ਗ੍ਰੀਨ ਵੈਲੀ ਕਲੋਨੀ ਦੇ ਬਾਹਰ ਪੁਲਿਸ ਦੀ ਸਖ਼ਤ ਤਾਇਨਾਤੀ ਕੀਤੀ ਗਈ ਹੈ, ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ। ਇਸ ਦੌਰਾਨ ਗ੍ਰੀਨ ਵੈਲੀ ਕਲੋਨੀ ਐਸੋਸੀਏਸ਼ਨ ਵੱਲੋਂ ਇੱਕ ਪੋਸਟਰ ਲਗਾ ਕੇ ਪਰਵਿੰਦਰ ਸਿੰਘ ਝੋਟਾ ਨੂੰ ਸ਼ਰਧਾਂਜਲੀ ਦਿੱਤੀ ਗਈ। ਪੋਸਟਰ 'ਚ ਲੋਕਾਂ ਨੂੰ ਅਫ਼ਵਾਹਾਂ ਤੇ ਵਿਸ਼ਵਾਸ ਨਾ ਕਰਨ ਦੀ ਅਪੀਲ ਕੀਤੀ ਗਈ ਹੈ। ਇਸ 'ਚ ਇਹ ਵੀ ਕਿਹਾ ਗਿਆ ਹੈ ਕਿ ਅਸ਼ਵਨੀ ਕੁਮਾਰ ਦੀ ਗ੍ਰੀਨ ਵੈਲੀ 'ਚ ਕੋਈ ਕੋਠੀ ਨਹੀਂ ਹੈ ਅਤੇ ਨਾ ਹੀ ਉਸ ਦੇ ਕਿਸੇ ਰਿਸ਼ਤੇਦਾਰ ਦੀ ਕੋਠੀ ਉੱਥੇ ਹੈ।

ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਨੂੰ ਲੈ ਕੇ ਮਾਨਸਾ 'ਚ ਪਰਿਵਾਰ ਤੇ ਸਮਰਥਕਾਂ ਵੱਲੋਂ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਇਨਸਾਫ਼ ਦਿਵਾਉਣ ਲਈ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ।

ਦੂਜੇ ਪਾਸੇ, ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਿਵਾਰ ਤੇ ਕਮੇਟੀ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਸਵੇਰੇ ਡੀਆਈਜੀ ਹਰਜੀਤ ਸਿੰਘ, ਐਸਐਸਪੀ ਵੈਭਵ ਚੌਧਰੀ ਤੇ ਡਿਪਟੀ ਕਮਿਸ਼ਨਰ ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀ ਧਰਨੇ ਵਾਲੀ ਥਾਂ ਤੇ ਪਹੁੰਚੇ ਤੇ ਕਮੇਟੀ ਨੂੰ ਮੀਟਿੰਗ ਕਰਨ ਦਾ ਸੱਦਾ ਦਿੱਤਾ।

ਹਾਲਾਂਕਿ, ਪਰਿਵਾਰ ਤੇ ਇਨਸਾਫ਼ ਕਮੇਟੀ ਵੱਲੋਂ ਫ਼ਿਲਹਾਲ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਕਮੇਟੀ ਦਾ ਕਹਿਣਾ ਹੈ ਕਿ ਉਹ ਪਹਿਲਾਂ ਆਪਸ 'ਚ ਵਿਚਾਰ-ਵਟਾਂਦਰਾ ਕਰਕੇ ਫ਼ੈਸਲਾ ਲੈਣਗੇ, ਜਿਸ ਤੋਂ ਬਾਅਦ ਮੀਟਿੰਗ ਬਾਰੇ ਅਗਲਾ ਕਦਮ ਚੁੱਕਿਆ ਜਾਵੇਗਾ।

ਪਰਵਿੰਦਰ ਸਿੰਘ ਝੋਟਾ ਕਤਲ ਮਾਮਲੇ 'ਚ ਮਾਨਸਾ ਪੁਲਿਸ ਵੱਲੋਂ ਕਾਰਵਾਈ ਕਰਦਿਆਂ ਥਾਣਾ ਸਿਟੀ-2 ਦੀ ਮਹਿਲਾ ਐਸਐਚਓ ਬੇਅੰਤ ਕੌਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਹੁਕਮ ਮਾਨਸਾ ਦੇ ਐਸਐਸਪੀ ਵੈਭਵ ਚੌਧਰੀ ਵੱਲੋਂ ਜਾਰੀ ਕੀਤੇ ਗਏ ਹਨ। ਮੁਅੱਤਲੀ ਤੋਂ ਬਾਅਦ ਉਨ੍ਹਾਂ ਨੂੰ ਪੁਲਿਸ ਲਾਈਨ 'ਚ ਰਿਪੋਰਟ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਹੀ ਡੀਐਸਪੀ ਹਰਜਿੰਦਰ ਸਿੰਘ ਗਿੱਲ ਖ਼ਿਲਾਫ਼ ਵੀ ਕਾਰਵਾਈ ਕੀਤੇ ਜਾਣ ਦੀ ਤਿਆਰੀ ਦੀ ਜਾਣਕਾਰੀ ਸਾਹਮਣੇ ਆਈ ਹੈ।

ਜਾਣਕਾਰੀ ਅਨੁਸਾਰ, ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਇਲਜ਼ਾਮ ਲਗਾਇਆ ਸੀ ਕਿ ਉਨ੍ਹਾਂ ਦੇ ਪੁੱਤਰ ਵੱਲੋਂ ਕਈ ਵਾਰ ਸ਼ਿਕਾਇਤਾਂ ਦਰਜ ਕਰਵਾਉਣ ਤੇ ਨਸ਼ਾ ਤਸਕਰਾਂ ਸਬੰਧੀ ਜਾਣਕਾਰੀ ਦੇਣ ਦੇ ਬਾਵਜੂਦ ਪੁਲਿਸ ਵੱਲੋਂ ਲੋੜੀਂਦੀ ਕਾਰਵਾਈ ਨਹੀਂ ਕੀਤੀ ਗਈ।

### ਮਾਨਸਾ 'ਚ ਹੁਣ ਕਿਵੇਂ ਦੇ ਹਾਲਾਤ? ਪਰਵਿੰਦਰ ਝੋਟਾ ਕਤਲ ਮਾਮਲੇ ਦੀ ਗਰਾਊਂਡ ਰਿਪੋਰਟ (ਜਾਰੀ)

ਇਸ ਮਾਮਲੇ ਸਬੰਧੀ ਡੀਆਈਜੀ ਹਰਜੀਤ ਸਿੰਘ ਨੇ ਵੀ ਕਿਹਾ ਸੀ ਕਿ ਜਾਂਚ ਦੌਰਾਨ ਜੇਕਰ ਕੋਈ ਪੁਲਿਸ ਅਧਿਕਾਰੀ ਜਾਂ ਕਰਮਚਾਰੀ ਲਾਪਰਵਾਹੀ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸ ਮਾਮਲੇ 'ਚ ਪੁਲਿਸ ਨੇ ਮੁਲਜ਼ਮ ਅਸ਼ਵਨੀ ਕੁਮਾਰ ਦੀ ਪਤਨੀ ਨੀਲਮ ਰਾਣੀ ਨੂੰ ਵੀ ਹਿਰਾਸਤ 'ਚ ਲਿਆ ਹੈ। ਉਸ 'ਤੇ ਕਥਿਤ ਤੌਰ 'ਤੇ ਅਸ਼ਵਨੀ ਕੁਮਾਰ ਨੂੰ ਫ਼ਰਾਰ ਹੋਣ 'ਚ ਮਦਦ ਕਰਨ ਦਾ ਇਲਜ਼ਾਮ ਹੈ। ਅਸ਼ਵਨੀ ਕੁਮਾਰ ਵਾਰਦਾਤ ਨੂੰ ਅੰਜਾਮ ਦੇਣ ਦੇ ਤੁਰੰਤ ਬਾਅਦ ਫ਼ਰਾਰ ਹੋ ਗਿਆ ਸੀ ਤੇ ਅਗਲੇ ਦਿਨ ਉਸ ਨੂੰ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅਸ਼ਵਨੀ ਕੁਮਾਰ ਨੇ ਜਿਸ ਪਿਸਤੌਲ ਨਾਲ ਗੋਲੀਆਂ ਚਲਾਈਆਂ, ਉਸ ਪਿਸਤੌਲ ਦਾ ਲਾਇਸੰਸ ਉਸ ਦੀ ਪਤਨੀ ਦੇ ਨਾਮ 'ਤੇ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਹਾਲਾਂਕਿ, ਇਸ ਦੀ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ।

ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਵੱਲੋਂ ਇਸ ਮਾਮਲੇ ਦੀ ਸੀਬੀਆਈ ਜਾਂਚ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਤੇ ਡੀਜੀਪੀ ਦੇ ਅਸਤੀਫ਼ੇ, ਮਾਨਸਾ ਦੇ ਐਸਐਸਪੀ, ਡੀਐਸਪੀ ਤੇ ਐਸਐਚਓ ਨੂੰ ਬਰਖ਼ਾਸਤ ਕਰਨ ਦੀ ਮੰਗ ਵੀ ਰੱਖੀ ਗਈ ਹੈ। ਪਰਿਵਾਰ ਵੱਲੋਂ ਇਹ ਵੀ ਮੰਗ ਕੀਤੀ ਜਾ ਰਹੀ ਹੈ ਕਿ ਕਤਲ ਦੀ ਵਾਰਦਾਤ ਸਮੇਂ ਮੁਲਜ਼ਮ ਵੱਲੋਂ ਕਿਸ ਵਿਅਕਤੀ ਨੂੰ ਫ਼ੋਨ ਕੀਤਾ ਗਿਆ ਸੀ, ਇਸ ਸਬੰਧੀ ਕਾਲ ਡਿਟੇਲ ਜਨਤਕ ਕੀਤੀ ਜਾਵੇ। ਇਸ ਦੇ ਨਾਲ ਹੀ ਵਾਰਦਾਤ ਦੌਰਾਨ ਜ਼ਖ਼ਮੀ ਹੋਏ ਚਾਰ ਵਿਅਕਤੀਆਂ ਨੂੰ ਆਰਥਿਕ ਸਹਾਇਤਾ ਦੇਣ ਸਮੇਤ ਹੋਰ ਮੰਗਾਂ ਵੀ ਰੱਖੀਆਂ ਗਈਆਂ ਹਨ।

ਫ਼ਿਲਹਾਲ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਵੱਲੋਂ ਆਪਣੀਆਂ ਮੰਗਾਂ ਪੂਰੀਆਂ ਹੋਣ ਤੱਕ ਅੰਤਿਮ ਸਸਕਾਰ ਨਾ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਇਸ ਕਾਰਨ ਮਾਨਸਾ 'ਚ ਸਥਿਤੀ ਤਣਾਅਪੂਰਨ ਬਣੀ ਹੋਈ ਹੈ।

ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ 'ਚ ਇਨਸਾਫ਼ ਦੀ ਮੰਗ ਨੂੰ ਲੈ ਕੇ ਪੰਜਾਬ ਦੀਆਂ ਕਈ ਵਿਰੋਧੀ ਪਾਰਟੀਆਂ, ਕਿਸਾਨ ਜਥੇਬੰਦੀਆਂ ਤੇ ਸਮਾਜਿਕ ਸੰਗਠਨ ਪਰਿਵਾਰ ਦੇ ਸਮਰਥਨ 'ਚ ਸਾਹਮਣੇ ਆਏ ਹਨ। ਕਾਂਗਰਸ ਵੱਲੋਂ ਸੂਬਾ ਪ੍ਰਧਾਨ ਪਰਗਟ ਸਿੰਘ ਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਤੇ ਪੰਜਾਬ ਦੀ ਕਾਨੂੰਨ ਵਿਵਸਥਾ ਤੇ ਸਵਾਲ ਚੁੱਕੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਜਵਾਬਦੇਹੀ ਦੀ ਮੰਗ ਕੀਤੀ। ਭਾਜਪਾ, ਅਕਾਲੀ ਦਲ ਵਾਰਿਸ ਪੰਜਾਬ ਦੇ, ਅਕਾਲੀ ਦਲ ਪੁਨਰ ਸੁਰਜੀਤ ਤੇ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਵੀ ਸਮਰਥਨ ਦਿੱਤਾ ਗਿਆ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ, ਕਿਸਾਨ ਮਜ਼ਦੂਰ ਜਥੇਬੰਦੀਆਂ ਤੇ ਮੁਲਾਜ਼ਮ ਸੰਗਠਨਾਂ ਨੇ ਵੀ ਇਨਸਾਫ਼ ਦੀ ਮੰਗ ਦਾ ਸਮਰਥਨ ਕੀਤਾ। ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਨੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਤੇ ਮਾਮਲੇ ਦੀ ਪੂਰੀ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ ਹੈ।

ਅਮਨ-ਕਾਨੂੰਨ ਨਾਲ ਖਿਲਵਾੜ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

13 ਅਕਤੂਬਰ ਨੂੰ ਮਾਨਸਾ 'ਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਰਿਪੋਰਟਾਂ ਮੁਤਾਬਕ, ਘਟਨਾ ਤੋਂ ਪਹਿਲਾਂ ਝੋਟਾ ਇੱਕ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਨਾਲ 'ਤੇ ਇਲਜ਼ਾਮ ਲਗਾਉਂਦੇ ਹੋਏ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਨੂੰ ਲੈ ਕੇ ਸਵਾਲ-ਜਵਾਬ ਕਰ ਰਹੇ ਸਨ ਤੇ ਇਸ ਦੌਰਾਨ ਉਹ ਫੇਸਬੁੱਕ ਤੇ ਲਾਈਵ ਵੀ ਸਨ। ਇਲਜ਼ਾਮ ਹੈ ਕਿ ਇਸੇ ਵਿਵਾਦ ਦੌਰਾਨ ਅਸ਼ਵਨੀ ਕੁਮਾਰ ਨੇ ਝੋਟਾ 'ਤੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਲੱਗਣ ਨਾਲ ਪਰਵਿੰਦਰ ਝੋਟਾ ਦੀ ਮੌਤ ਹੋ ਗਈ।

ਵਾਰਦਾਤ ਤੋਂ ਬਾਅਦ ਮੁਲਜ਼ਮ ਫ਼ਰਾਰ ਹੋ ਗਿਆ, ਪਰ ਪੁਲਿਸ ਨੇ ਅਗਲੇ ਦਿਨ ਉਸ ਨੂੰ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕਰ ਲਿਆ। ਉਸ ਦੇ ਸਾਥੀ ਨੂੰ ਘਟਨਾ ਵਾਲੀ ਦਿਨ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਕਤਲ ਤੋਂ ਬਾਅਦ ਮਾਨਸਾ 'ਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ ਤੇ ਪਰਿਵਾਰ ਨੇ ਸੀਬੀਆਈ ਜਾਂਚ ਸਮੇਤ ਹੋਰ ਮੰਗਾਂ ਪੂਰੀਆਂ ਹੋਣ ਤੱਕ ਅੰਤਿਮ ਸਸਕਾਰ ਨਾ ਕਰਨ ਦਾ ਐਲਾਨ ਕੀਤਾ।

ਦੇਸ਼

## ਵਿਰੋਧੀ ਧਿਰ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ, ਮਾਰਚ ਕੱਢਣ 'ਤੇ ਰਾਹੁਲ ਗਾਂਧੀ ਤੋਂ ਵੀ ਮੰਗਿਆ ਸਪੱਸ਼ਟੀਕਰਨ

ਦਿੱਲੀ ਪ੍ਰਦਰਸ਼ਨ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਬਿਨਾਂ ਸ਼ਰਤ ਮੁਆਫ਼ੀ ਮੰਗਣ 'ਤੇ ਸਵਾਲ ਉਠਾਏ। ਇਸ ਦੇ ਨਾਲ ਹੀ ਰਾਹੁਲ ਗਾਂਧੀ ਸਮੇਤ ਇੰਡੀਆ ਬਲਾਕ ਦੇ ਆਗੂਆਂ ਦੀ ਪਟੀਸ਼ਨ 'ਤੇ ਚੋਣ ਕਮਿਸ਼ਨ, ਮੁੱਖ ਚੋਣ ਕਮਿਸ਼ਨਰ ਅਤੇ ਦੋਵਾਂ ਚੋਣ ਕਮਿਸ਼ਨਰਾਂ ਨੂੰ ਨੋਟਿਸ ਜਾਰੀ ਕੀਤਾ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਦਿੱਲੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਕੀਤੀ ਗਈ ਕਾਰਵਾਈ ਅਤੇ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਵੀਰਵਾਰ ਨੂੰ ਸੁਪਰੀਮ ਕੋਰਟ ਵਿੱਚ ਅਹਿਮ ਸੁਣਵਾਈ ਹੋਈ। ਇੱਕ ਪਾਸੇ ਅਦਾਲਤ ਨੇ ਪ੍ਰਦਰਸ਼ਨ ਦੌਰਾਨ ਪੁਲਿਸ ਦੀ ਕਾਰਵਾਈ, ਮੈਟਰੋ ਸਟੇਸ਼ਨਾਂ 'ਤੇ ਪਾਬੰਦੀਆਂ ਅਤੇ ਇੰਟਰਨੈੱਟ ਸੇਵਾ ਬੰਦ ਕੀਤੇ ਜਾਣ ਨਾਲ ਸਬੰਧਤ ਮਾਣਹਾਨੀ ਪਟੀਸ਼ਨਾਂ 'ਤੇ ਸੁਣਵਾਈ ਕੀਤੀ।

### ਅੱਜ ਦੀ ਤਸਵੀਰ



**ਅਕਤੂਬਰ ਦੀ ਧੁੱਪ 'ਚ ਪੱਕੇ ਸੁਨਹਿਰੀ ਝੋਨੇ ਦੇ ਖੇਤ — ਵਾਢੀ ਦੀ ਰੁੱਤ ਦੀ ਆਮਦ**

### ਵਿਰੋਧੀ ਧਿਰ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ, ਮਾਰਚ ਕੱਢਣ 'ਤੇ ਰਾਹੁਲ ਗਾਂਧੀ ਤੋਂ ਵੀ ਮੰਗਿਆ ਸਪੱਸ਼ਟੀਕਰਨ (ਜਾਰੀ)

ਦੂਜੇ ਪਾਸੇ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਇੰਡੀਆ ਬਲਾਕ ਦੇ ਆਗੂਆਂ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ, ਮੁੱਖ ਚੋਣ ਕਮਿਸ਼ਨਰ ਅਤੇ ਦੋਵਾਂ ਚੋਣ ਕਮਿਸ਼ਨਰਾਂ ਨੂੰ ਨੋਟਿਸ ਜਾਰੀ ਕੀਤਾ। ਇਸ ਦੇ ਨਾਲ ਹੀ ਰਾਹੁਲ ਗਾਂਧੀ ਵੱਲੋਂ ਆਪਣੇ ਸਮਰਥਕਾਂ ਨਾਲ ਸੁਪਰੀਮ ਕੋਰਟ ਆਉਣ 'ਤੇ ਸਪੱਸ਼ਟੀਕਰਨ ਵੀ ਮੰਗਿਆ ਗਿਆ ਹੈ। ਇਸ ਤੋਂ ਇਲਾਵਾ, ਜੰਤਰ-ਮੰਤਰ ਨੂੰ ਵਿਰੋਧ ਪ੍ਰਦਰਸ਼ਨ ਵਾਲੀ ਥਾਂ ਵਜੋਂ ਮਿਲੀ ਮਾਨਤਾ ਖ਼ਤਮ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਵੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕੀਤਾ ਹੈ।

ਚੋਣ ਕਮਿਸ਼ਨ ਦੇ ਕੰਮਕਾਜ ਅਤੇ ਐਸਆਈਆਰ ਨੂੰ ਲੈ ਕੇ ਰਾਹੁਲ ਗਾਂਧੀ ਸਮੇਤ ਵਿਰੋਧੀ ਪਾਰਟੀਆਂ ਵੱਲੋਂ ਦਾਇਰ ਸਾਂਝੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕੀਤਾ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਪਟੀਸ਼ਨ 'ਤੇ ਫ਼ੈਸਲਾ ਸੁਣਾਉਣ ਤੋਂ ਪਹਿਲਾਂ ਪਟੀਸ਼ਨਕਰਤਾਵਾਂ ਵਿੱਚੋਂ ਇੱਕ ਨੂੰ ਆਪਣੇ ਆਚਰਣ ਬਾਰੇ ਸਪੱਸ਼ਟੀਕਰਨ ਦੇਣਾ ਪਵੇਗਾ। ਵਿਰੋਧੀ ਪਾਰਟੀਆਂ ਦੀ ਇਸ ਸਾਂਝੀ ਪਟੀਸ਼ਨ ਵਿੱਚ ਕੁੱਲ 13 ਪਟੀਸ਼ਨਕਰਤਾ ਹਨ, ਪਰ ਸੁਪਰੀਮ ਕੋਰਟ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਸ ਨੂੰ ਕਿਸ ਪਟੀਸ਼ਨਕਰਤਾ ਦੇ ਆਚਰਣ 'ਤੇ ਇਤਰਾਜ਼ ਹੈ।

ਵਿਰੋਧ ਪ੍ਰਦਰਸ਼ਨਾਂ ਨਾਲ ਜੁੜੇ ਮਾਮਲਿਆਂ ਵਿੱਚ ਕਈ ਵਕੀਲਾਂ ਦੀ ਮੰਗ 'ਤੇ ਸੁਪਰੀਮ ਕੋਰਟ ਨੇ ਸਾਰੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਘਟਨਾਵਾਂ ਦੀਆਂ ਸਾਰੀਆਂ ਸੀਸੀਟੀਵੀ ਫੁਟੇਜ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਨ।

ਦਿੱਲੀ ਵਿੱਚ 10 ਅਕਤੂਬਰ ਨੂੰ ਹੋਏ ਪ੍ਰਦਰਸ਼ਨ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ਨੂੰ ਲੈ ਕੇ ਕੇਂਦਰ ਸਰਕਾਰ, ਦਿੱਲੀ ਪੁਲਿਸ ਅਤੇ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਵੱਲੋਂ ਅਦਾਲਤ ਵਿੱਚ ਜਵਾਬ ਦਾਖ਼ਲ ਕੀਤੇ ਗਏ ਹਨ। ਅਧਿਕਾਰੀਆਂ ਖ਼ਿਲਾਫ਼ ਦਾਇਰ ਮਾਣਹਾਨੀ ਪਟੀਸ਼ਨਾਂ ਵਿੱਚ ਆਰੋਪ ਲਗਾਇਆ ਗਿਆ ਹੈ ਕਿ ਸੁਪਰੀਮ ਕੋਰਟ ਦੇ ਪਹਿਲਾਂ ਦਿੱਤੇ ਨਿਰਦੇਸ਼ਾਂ ਦੇ ਬਾਵਜੂਦ ਪ੍ਰਦਰਸ਼ਨ ਦੌਰਾਨ ਲੋਕਾਂ ਦੀ ਆਵਾਜਾਈ 'ਤੇ ਪਾਬੰਦੀਆਂ ਲਗਾਈਆਂ ਗਈਆਂ, ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਮੈਟਰੋ ਸੇਵਾਵਾਂ ਤੇ ਇੰਟਰਨੈੱਟ 'ਤੇ ਪਾਬੰਦੀਆਂ ਲਗਾਈਆਂ ਗਈਆਂ।

ਸੁਣਵਾਈ ਦੌਰਾਨ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਸਰਕਾਰ ਵੱਲੋਂ ਜਵਾਬ ਦਾਖ਼ਲ ਕਰ ਦਿੱਤਾ ਗਿਆ ਹੈ ਅਤੇ ਬਿਨਾਂ ਸ਼ਰਤ ਮੁਆਫ਼ੀ ਵੀ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਇਹ ਚਰਚਾ ਹੋ ਰਹੀ ਹੈ ਕਿ ਸਰਕਾਰ ਨੇ ਮੁਆਫ਼ੀ ਮੰਗ ਲਈ ਹੈ, ਜਦਕਿ ਮਾਣਹਾਨੀ ਦੀ ਕਾਰਵਾਈ ਵਿੱਚ ਬਿਨਾਂ ਸ਼ਰਤ ਮੁਆਫ਼ੀ ਮੰਗਣਾ ਇੱਕ ਰਸਮੀ ਪ੍ਰਕਿਰਿਆ ਵੀ ਹੈ।

ਇਸ 'ਤੇ ਜਸਟਿਸ ਜੌਯਮਾਲਿਆ ਬਾਗਚੀ ਨੇ ਕਿਹਾ ਕਿ ਅਦਾਲਤ ਨੂੰ ਹਲਫ਼ਨਾਮੇ ਦੇਰ ਨਾਲ ਮਿਲੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਤੱਕ ਸਿਰਫ਼ ਦਾ ਹਲਫ਼ਨਾਮਾ ਹੀ ਮਿਲਿਆ ਸੀ। ਇਸ ਦੇ ਜਵਾਬ ਵਿੱਚ ਸਾਲਿਸਟਰ ਜਨਰਲ ਨੇ ਕਿਹਾ ਕਿ ਦਿੱਲੀ ਪੁਲਿਸ ਕਮਿਸ਼ਨਰ ਨੇ ਆਪਣੇ ਹਲਫ਼ਨਾਮੇ ਵਿੱਚ ਕਾਰਵਾਈ ਦੇ ਸਾਰੇ ਉਚਿਤ ਆਧਾਰ ਪੇਸ਼ ਕੀਤੇ ਹਨ। ਮੁਆਫ਼ੀ ਬਾਰੇ ਟਿੱਪਣੀ ਕਰਦਿਆਂ ਜਸਟਿਸ ਬਾਗਚੀ ਨੇ ਕਿਹਾ ਕਿ ਅਦਾਲਤ ਇਸ ਬਿਨਾਂ ਸ਼ਰਤ ਮੁਆਫ਼ੀ 'ਤੇ ਧਿਆਨ ਨਹੀਂ ਦੇ ਰਹੀ, ਕਿਉਂਕਿ ਸਾਲਿਸਟਰ ਜਨਰਲ ਦੀਆਂ ਦਲੀਲਾਂ ਤੋਂ ਇਹ ਸਸ਼ਰਤ ਮੁਆਫ਼ੀ ਵਰਗੀ ਲੱਗ ਰਹੀ ਹੈ।

ਮਾਣਹਾਨੀ ਪਟੀਸ਼ਨਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਹਿਰਾਸਤ ਵਿੱਚ ਲੈਣ, ਪੁਲਿਸ ਵੱਲੋਂ ਕਥਿਤ ਬੇਰਹਿਮੀ, ਮੈਟਰੋ ਸਟੇਸ਼ਨਾਂ ਨੂੰ ਬੰਦ ਕਰਨ ਅਤੇ ਇੰਟਰਨੈੱਟ ਸੇਵਾਵਾਂ ਵਿੱਚ ਰੁਕਾਵਟ ਪਾਉਣ ਵਰਗੇ ਮੁੱਦੇ ਉਠਾਏ ਗਏ ਹਨ। ਪਟੀਸ਼ਨਕਰਤਾਵਾਂ ਦਾ ਆਰੋਪ ਹੈ ਕਿ ਇਨ੍ਹਾਂ ਕਦਮਾਂ ਨਾਲ ਲੋਕਾਂ ਦੀ ਆਵਾਜਾਈ ਅਤੇ ਸ਼ਾਂਤਮਈ ਪ੍ਰਦਰਸ਼ਨ ਕਰਨ ਦੇ ਅਧਿਕਾਰ 'ਤੇ ਅਸਰ ਪਿਆ।





ਵਿਰੋਧੀ ਧਿਰ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ,

**ਵਿਰੋਧੀ ਧਿਰ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ, ਮਾਰਚ ਕੱਢਣ 'ਤੇ ਰਾਹੁਲ ਗਾਂਧੀ ਤੋਂ ਵੀ ਮੰਗਿਆ ਸਪੱਸ਼ਟੀਕਰਨ (ਜਾਰੀ)**

ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਸੀ ਕਿ ਲੋਕਾਂ ਦੀ ਆਵਾਜਾਈ ਵਿੱਚ ਰੁਕਾਵਟ ਨਹੀਂ ਆਉਣੀ ਚਾਹੀਦੀ ਅਤੇ ਮੈਟਰੋ 'ਤੇ ਰੇਲ ਸੇਵਾਵਾਂ ਆਮ ਵਾਂਗ ਚੱਲਣੀਆਂ ਚਾਹੀਦੀਆਂ ਹਨ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਕਦਮ ਚੁੱਕੇ ਜਾ ਸਕਦੇ ਹਨ, ਪਰ ਵਿਆਪਕ ਪਾਬੰਦੀਆਂ ਕਾਰਨ ਆਮ ਲੋਕਾਂ ਨੂੰ ਬੇਲੋੜੀ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਸੰਭਾਵੀ ਕਾਨੂੰਨ-ਵਿਵਸਥਾ ਦੀ ਸਮੱਸਿਆ ਨੂੰ ਰੋਕਣ ਅਤੇ ਜਨਤਕ ਸ਼ਾਂਤੀ ਬਣਾਈ ਰੱਖਣ ਲਈ ਪਾਬੰਦੀਆਂ ਲਗਾਈਆਂ ਗਈਆਂ ਸਨ। ਦਿੱਲੀ ਪੁਲਿਸ ਨੇ ਆਪਣੀ ਕਾਰਵਾਈ ਨੂੰ ਖ਼ੁਫ਼ੀਆ ਜਾਣਕਾਰੀਆਂ ਅਤੇ ਜ਼ਮੀਨੀ ਹਾਲਾਤ ਦੇ ਆਧਾਰ 'ਤੇ ਚੁੱਕਿਆ ਗਿਆ ਕਦਮ ਦੱਸਿਆ ਹੈ।

ਇਸੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਰਾਹੁਲ ਗਾਂਧੀ ਅਤੇ ਇੰਡੀਆ ਬਲਾਕ ਦੇ ਹੋਰ ਆਗੂਆਂ ਦੀ ਉਸ ਪਟੀਸ਼ਨ 'ਤੇ ਵੀ ਨੋਟਿਸ ਜਾਰੀ ਕੀਤਾ, ਜਿਸ ਵਿੱਚ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ਅਤੇ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਸਮੀਖਿਆ ਨਾਲ ਜੁੜੇ ਫ਼ੈਸਲਿਆਂ ਨੂੰ ਚੁਣੌਤੀ ਦਿੱਤੀ ਗਈ ਹੈ। ਪਟੀਸ਼ਨ ਵਿੱਚ ਚੋਣ ਕਮਿਸ਼ਨ ਦੇ ਫ਼ੈਸਲਿਆਂ, ਵੋਟਰ ਸੂਚੀ ਵਿੱਚੋਂ ਕਥਿਤ ਤੌਰ 'ਤੇ ਵੱਡੀ ਗਿਣਤੀ ਵਿੱਚ ਨਾਮ ਹਟਾਏ ਜਾਣ ਅਤੇ ਮੁੱਖ ਚੋਣ ਕਮਿਸ਼ਨਰ ਵੱਲੋਂ ਕਮਿਸ਼ਨ ਦੀਆਂ ਸਮੂਹਿਕ ਸ਼ਕਤੀਆਂ ਦੀ ਵਰਤੋਂ ਨੂੰ ਲੈ ਕੇ ਸਵਾਲ ਉਠਾਏ ਗਏ ਹਨ।

ਪਟੀਸ਼ਨਕਰਤਾਵਾਂ ਨੇ ਚੋਣ ਕਮਿਸ਼ਨ ਨਾਲ ਸਬੰਧਤ ਰਿਕਾਰਡ ਅਦਾਲਤ ਵਿੱਚ ਪੇਸ਼ ਕਰਵਾਉਣ ਅਤੇ ਵੋਟਰ ਸੂਚੀ ਵਿੱਚ ਕਥਿਤ ਗੜਬੜੀਆਂ ਦੀ ਸੁਤੰਤਰ ਜਾਂਚ ਸਮੇਤ ਕਈ ਮੰਗਾਂ ਰੱਖੀਆਂ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਚੋਣ ਕਮਿਸ਼ਨ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਦੋਵਾਂ ਚੋਣ ਕਮਿਸ਼ਨਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

ਸੁਣਵਾਈ ਦੌਰਾਨ ਰਾਹੁਲ ਗਾਂਧੀ ਦੇ ਆਚਰਣ ਬਾਰੇ ਵੀ ਸਪੱਸ਼ਟੀਕਰਨ ਮੰਗਿਆ ਗਿਆ। ਅਦਾਲਤ ਵਿੱਚ ਆਪਣੇ ਸਮਰਥਕਾਂ ਨਾਲ ਪਹੁੰਚਣ ਨਾਲ ਸਬੰਧਤ ਮੁੱਦਾ ਉਠਾਇਆ ਗਿਆ।

ਪੰਜਾਬ

## ਸੁੰਗੜਦੀ ਆਬਾਦੀ, ਹਉਕੇ ਭਰਦਾ ਪੰਜਾਬ

ਪੰਜਾਬ ਦੇ ਪਿੰਡਾਂ ਦੀਆਂ ਗਲੀਆਂ ਵਿੱਚੋਂ ਲੰਘਦਿਆਂ ਅੱਜ ਇੱਕ ਅਜੀਬ ਜਿਹੀ ਚੁੱਪ ਮਹਿਸੂਸ ਹੁੰਦੀ ਹੈ।

ਸਵਾਲ ਇਹ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਕੰਮਕਾਜੀ ਆਬਾਦੀ ਕਿੰਨੀ ਹੋਵੇਗੀ, ਪਿੰਡਾਂ ਵਿੱਚ ਵੱਸਦੇ ਪਰਿਵਾਰਾਂ ਅਤੇ ਉੱਥੋਂ ਦੇ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੋਵੇਗੀ? ਪਿੱਛੇ ਰਹਿ ਰਹੇ ਵੱਡੀ ਗਿਣਤੀ ਬਜ਼ੁਰਗਾਂ ਦੀ ਦੇਖਭਾਲ ਕੌਣ ਕਰੇਗਾ? ਆਬਾਦੀ ਦੀ ਬਣਤਰ ਵਿੱਚ ਆ ਰਹੀ ਇਹ ਤਬਦੀਲੀ ਆਰਥਿਕਤਾ, ਸਿੱਖਿਆ, ਸਿਹਤ, ਖੇਤੀਬਾੜੀ ਅਤੇ ਪੰਜਾਬੀ ਸਮਾਜ ਦੇ ਭਵਿੱਖ ਨਾਲ ਸਿੱਧੀ ਤਰ੍ਹਾਂ ਜੁੜੀ ਹੋਈ ਹੈ।

ਜਨਸੰਖਿਆ ਵਿਗਿਆਨ ਵਿੱਚ ਆਬਾਦੀ ਨੂੰ ਲੰਮੇ ਸਮੇਂ ਤੱਕ ਸਥਿਰ ਰੱਖਣ ਲਈ ਲਗਪਗ 2.1 ਦੀ ਕੁੱਲ ਜਨਮ ਦਰ (ਟੀ ਐੱਫ ਆਰ) ਨੂੰ ਬਦਲਾਅ-ਪੱਧਰ ਮੰਨਿਆ ਜਾਂਦਾ ਹੈ, ਪਰ ਪੰਜਾਬ ਦਾ ਅੰਕੜਾ ਇਸ ਪੱਧਰ ਤੋਂ ਕਾਫ਼ੀ ਹੇਠਾਂ ਪਹੁੰਚ ਚੁੱਕਾ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐੱਨ ਐੱਫ ਐੱਚ ਐੱਸ-5) ਅਨੁਸਾਰ ਪੰਜਾਬ ਦੀ ਕੁੱਲ ਜਨਮ ਦਰ 1.6 ਬੱਚੇ ਪ੍ਰਤੀ ਔਰਤ ਦਰਜ ਕੀਤੀ ਗਈ ਹੈ। ਇਹ ਅੰਕੜਾ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬ ਵਿੱਚ ਨਵੀਂ ਪੀੜ੍ਹੀ ਦਾ ਆਕਾਰ ਪਿਛਲੀ ਪੀੜ੍ਹੀ ਨਾਲੋਂ ਲਗਾਤਾਰ ਛੋਟਾ ਹੁੰਦਾ ਜਾ ਰਿਹਾ ਹੈ।

ਇਸ ਤਬਦੀਲੀ ਪਿੱਛੇ ਕਈ ਸਮਾਜਿਕ ਅਤੇ ਆਰਥਿਕ ਕਾਰਨ ਹਨ। ਔਰਤਾਂ ਦੀ ਸਿੱਖਿਆ ਅਤੇ ਰੁਜ਼ਗਾਰ ਵਿੱਚ ਵਾਧਾ, ਵਿਆਹ ਦੀ ਉਮਰ ਵਿੱਚ ਵਾਧਾ, ਸ਼ਹਿਰੀ ਜੀਵਨ-ਸ਼ੈਲੀ, ਛੋਟੇ ਪਰਿਵਾਰ ਨੂੰ ਤਰਜੀਹ ਅਤੇ ਬੱਚਿਆਂ ਦੀ ਸਿੱਖਿਆ ਤੇ ਪਾਲਣ-ਪੋਸ਼ਣ ਦੇ ਵਧਦੇ ਖ਼ਰਚਿਆਂ ਨੇ ਪ੍ਰਜਣਨ ਸਬੰਧੀ ਫ਼ੈਸਲਿਆਂ ’ਤੇ ਡੂੰਘਾ ਪ੍ਰਭਾਵ ਪਾਇਆ ਹੈ। ਅੱਜ ਬਹੁਤ ਸਾਰੇ ਨੌਜਵਾਨ ਜੋੜੇ ਇੱਕ ਜਾਂ ਦੋ ਬੱਚਿਆਂ ਤੱਕ ਹੀ ਪਰਿਵਾਰ ਸੀਮਿਤ ਰੱਖਣਾ ਚਾਹੁੰਦੇ ਹਨ। ਇਹ ਆਪਣੇ ਆਪ ਵਿੱਚ ਕੋਈ ਗ਼ਲਤ ਰੁਝਾਨ ਨਹੀਂ, ਪਰ ਜਦੋਂ ਇਸ ਨਾਲ ਵੱਡੇ ਪੱਧਰ ’ਤੇ ਨੌਜਵਾਨਾਂ ਦਾ ਵਿਦੇਸ਼ ਜਾਣਾ ਵੀ ਜੁੜ ਜਾਂਦਾ ਹੈ ਤਾਂ ਭਵਿੱਖ ਦੇ ਜਨਸੰਖਿਆ ਅੰਕੜਿਆਂ ’ਤੇ ਇਸ ਦੇ ਗੰਭੀਰ ਪ੍ਰਭਾਵ ਪੈਣ ਲੱਗਦੇ ਹਨ।

ਸਿਵਲ ਰਜਿਸਟ੍ਰੇਸ਼ਨ ਸਿਸਟਮ ਦੇ ਅੰਕੜੇ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ। ਸਾਲ 2011 ਵਿੱਚ ਪੰਜਾਬ ਵਿੱਚ 5,11,058 ਜਨਮ ਦਰਜ ਕੀਤੇ ਗਏ ਸਨ ਜਦੋਂਕਿ 2020 ਵਿੱਚ ਇਹ ਗਿਣਤੀ ਘਟ ਕੇ 3,81,200 ਰਹਿ ਗਈ, ਜੋ 1.30 ਲੱਖ ਘੱਟ ਹੈ। ਹਾਲਾਂਕਿ 2022 ਵਿੱਚ ਇਹ ਗਿਣਤੀ 4,00,579 ਦਰਜ ਹੋਈ, ਜੋ 2011 ਦੇ ਪੱਧਰ ਨਾਲੋਂ ਹਾਲੇ ਵੀ ਕਾਫ਼ੀ ਘੱਟ ਹੈ। ਇੱਥੇ ਵਿਦੇਸ਼ ਜਾਣ ਦਾ ਰੁਝਾਨ ਵੀ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਹਰ ਸਾਲ ਔਸਤਨ 1.5 ਤੋਂ 2 ਲੱਖ ਨੌਜਵਾਨ ਪੜ੍ਹਾਈ, ਰੁਜ਼ਗਾਰ ਅਤੇ ਬਿਹਤਰ ਜੀਵਨ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਜਾ ਰਹੇ ਹਨ।

**ਸੁੰਗੜਦੀ ਆਬਾਦੀ, ਹਉਕੇ ਭਰਦਾ ਪੰਜਾਬ (ਜਾਰੀ)**

ਸਮੱਸਿਆ ਇਹ ਵੀ ਹੈ ਕਿ ਬਹੁਤੇ ਨੌਜਵਾਨ ਉੱਥੇ ਹੀ ਪੱਕੇ ਤੌਰ ’ਤੇ ਵੱਸ ਜਾਂਦੇ ਹਨ। ਇਉਂ ਉਨ੍ਹਾਂ ਦੇ ਵਿਆਹ, ਪਰਿਵਾਰ ਅਤੇ ਬੱਚਿਆਂ ਦੀ ਪਰਵਰਿਸ਼ ਵੀ ਪੰਜਾਬ ਤੋਂ ਬਾਹਰ ਹੀ ਹੁੰਦੀ ਹੈ। ਇਸ ‘ਮਨੁੱਖੀ ਪੂੰਜੀ ਦੇ ਰਿਸਾਅ’ ਨਾਲ ਪੰਜਾਬ ਲਗਾਤਾਰ ਆਪਣੀ ਜਵਾਨ ਅਤੇ ਕੰਮਕਾਜੀ ਆਬਾਦੀ ਦਾ ਇੱਕ ਵੱਡਾ ਹਿੱਸਾ ਗੁਆ ਰਿਹਾ ਹੈ।

ਕਈ ਪਿੰਡਾਂ ਵਿੱਚ ਵੱਡੇ-ਵੱਡੇ ਘਰ ਤਾਂ ਹਨ, ਪਰ ਉਨ੍ਹਾਂ ਵਿੱਚ ਰਹਿਣ ਵਾਲੇ ਲੋਕ ਬਹੁਤ ਘਟ ਗਏ ਹਨ। ਬਜ਼ੁਰਗ ਇਕੱਲੇ ਰਹਿ ਰਹੇ ਹਨ ਅਤੇ ਖੇਤੀਬਾੜੀ ਦਾ ਕੰਮ ਠੇਕੇ ’ਤੇ ਦੇਣ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਇਸ ਦੇ ਨਾਲ ਹੀ ਸਥਾਨਕ ਕੰਮਕਾਜੀ ਆਬਾਦੀ ਦੀ ਘਾਟ ਪੂਰੀ ਕਰਨ ਲਈ ਦੂਜੇ ਸੂਬਿਆਂ ਤੋਂ ਆਵਾਸ ਵਧ ਰਿਹਾ ਹੈ, ਜੋ ਸੂਬੇ ਦੀ ਸਮਾਜਿਕ ਅਤੇ ਡੈਮੋਗ੍ਰਾਫਿਕ ਬਣਤਰ ਨੂੰ ਨਵਾਂ ਰੂਪ ਦੇ ਰਿਹਾ ਹੈ।

ਘਟਦੀ ਜਨਮ ਦਰ ਦਾ ਸਿੱਧਾ ਪ੍ਰਭਾਵ ਸਿੱਖਿਆ ਢਾਂਚੇ ਉੱਤੇ ਪੈ ਰਿਹਾ ਹੈ। ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲੇ ਘਟ ਰਹੇ ਹਨ ਅਤੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਵੀ ਹਜ਼ਾਰਾਂ ਸੀਟਾਂ ਖਾਲੀ ਰਹਿ ਰਹੀਆਂ ਹਨ। 2011 ਦੀ ਜਨਗਣਨਾ ਅਨੁਸਾਰ 2001-2011 ਦੌਰਾਨ ਪੰਜਾਬ ਦੀ ਦਹਾਕਾ ਵਾਧਾ ਦਰ 13.7 ਫ਼ੀਸਦੀ ਸੀ (ਜੋ ਕੌਮੀ ਔਸਤ ਨਾਲੋਂ ਘੱਟ ਸੀ) ਅਤੇ ਮੌਜੂਦਾ ਰੁਝਾਨ ਦਰਸਾਉਂਦੇ ਹਨ ਕਿ ਅਗਲੀ ਜਨਗਣਨਾ ਵਿੱਚ ਇਹ ਹੋਰ ਵੀ ਹੇਠਾਂ ਆਵੇਗੀ।

ਇਸ ਸੰਕਟ ਦਾ ਦੂਜਾ ਚਿਹਰਾ ਪੰਜਾਬ ਦੀ ਵਧ ਰਹੀ ਬਜ਼ੁਰਗ ਆਬਾਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਗਿਣਤੀ ਕੁੱਲ ਆਬਾਦੀ ਦਾ ਲਗਪਗ 13 ਫ਼ੀਸਦੀ ਹੈ, ਜੋ ਕੌਮੀ ਔਸਤ ਨਾਲੋਂ ਕਾਫ਼ੀ ਜ਼ਿਆਦਾ ਹੈ। ਜਨਮ ਦਰ ਵਿੱਚ ਕਮੀ ਅਤੇ ਨੌਜਵਾਨ ਵਰਗ ਵੱਲੋਂ ਪਰਵਾਸ ਕਰ ਜਾਣਾ, ਇਹ ਦੋਵੇਂ ਕਾਰਕ ਕੁੱਲ ਆਬਾਦੀ ਵਿੱਚ ਦੂਜਿਆਂ ’ਤੇ ਨਿਰਭਰ ਆਬਾਦੀ ਦੀ ਗਿਣਤੀ ਵਿੱਚ ਵਾਧਾ ਕਰਦੇ ਹਨ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਗੇਰੀਐਟ੍ਰਿਕ ਕੇਅਰ (ਬਜ਼ੁਰਗਾਂ ਦੀ ਸਿਹਤ ਸਬੰਧੀ ਦੇਖਭਾਲ), ਸਮਾਜਿਕ ਸੁਰੱਖਿਆ ਪੈਨਸ਼ਨਾਂ ਅਤੇ ਇਕੱਲਤਾ ਨਾਲ ਨਜਿੱਠਣ ਲਈ ਸਰਕਾਰੀ ਨੀਤੀਆਂ ਦੀ ਤੁਰੰਤ ਲੋੜ ਹੈ।

ਆਰਥਿਕ ਪੱਖੋਂ, ਭਾਵੇਂ ਕੁਝ ਹੱਦ ਤੱਕ ਵਿਦੇਸ਼ੀ ਧਨ ਪੰਜਾਬ ਆ ਰਿਹਾ ਹੈ, ਪਰ ਪੜ੍ਹਾਈ ਲਈ ਬੱਚਿਆਂ ਨੂੰ ਬਾਹਰ ਭੇਜਣ ਵੇਲੇ ਹੋਣ ਵਾਲਾ ਵਿੱਤੀ ਨਿਕਾਸ ਸਥਾਨਕ ਨਿਵੇਸ਼, ਬੈਂਕਿੰਗ ਅਤੇ ਬਜ਼ਾਰਾਂ ਦੀ ਵਿਕਾਸ ਦਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸਵਾਲ ਇਹ ਨਹੀਂ ਕਿ ਪੰਜਾਬ ਦੇ ਨੌਜਵਾਨ ਵਿਦੇਸ਼ ਕਿਉਂ ਜਾਂਦੇ ਹਨ? ਸਵਾਲ ਇਹ ਹੈ ਕਿ ਉਹ ਆਪਣੇ ਭਵਿੱਖ ਲਈ ਪੰਜਾਬ ਨੂੰ ਪਹਿਲੀ ਪਸੰਦ ਕਿਉਂ ਨਹੀਂ ਮੰਨਦੇ? ਜੇ ਪੰਜਾਬ ਵਿੱਚ ਗੁਣਵੱਤਾ ਵਾਲੀਆਂ ਨੌਕਰੀਆਂ, ਉਦਯੋਗ, ਖੋਜ, ਤਕਨਾਲੋਜੀ, ਉੱਚ ਸਿੱਖਿਆ ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਦੇ ਮੌਕੇ ਵਧਣ ਤਾਂ ਪਰਵਾਸ ਦੀ ਮਜਬੂਰੀ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਸਰਕਾਰ ਨੂੰ ਸਿਰਫ਼ ਪਰਵਾਸ ਰੋਕਣ ਦੀ ਗੱਲ ਕਰਨ ਦੀ ਥਾਂ ‘ਟੈਲੇਂਟ ਰਿਟੈਂਸ਼ਨ’ (ਪ੍ਰਤਿਭਾ ਨੂੰ ਸੰਭਾਲਣ) ਸਬੰਧੀ ਠੋਸ ਨੀਤੀ ਬਣਾਉਣੀ ਪਵੇਗੀ। ਪੰਜਾਬ ਨੂੰ ਖੇਤੀਬਾੜੀ ਤੋਂ ਅੱਗੇ ਵਧਦਿਆਂ ਖੇਤੀ-ਆਧਾਰਿਤ ਉਦਯੋਗ, ਫੂਡ ਪ੍ਰੋਸੈਸਿੰਗ, ਨਵੀਂ ਤਕਨਾਲੋਜੀ, ਸੂਚਨਾ ਤਕਨਾਲੋਜੀ, ਸਿਹਤ ਸੇਵਾਵਾਂ, ਖੋਜ ਕੇਂਦਰ ਅਤੇ ਛੋਟੇ ਤੇ ਦਰਮਿਆਨੇ ਉਦਯੋਗਾਂ (ਐੱਮ ਐੱਸ ਐੱਮ ਈਜ਼) ਦਾ ਮਜ਼ਬੂਤ ਢਾਂਚਾ ਤਿਆਰ ਕਰਨਾ ਪਵੇਗਾ। ਉੱਚ ਸਿੱਖਿਆ ਸੰਸਥਾਵਾਂ ਨੂੰ ਸਿਰਫ਼ ਡਿਗਰੀ ਵੰਡਣ ਦੀ ਥਾਂ ਰੁਜ਼ਗਾਰ-ਮੁਖੀ ਬਣਾਉਣਾ ਪਵੇਗਾ।

ਪੰਜਾਬ ਦੀ ਘਟਦੀ ਜਨਮ ਦਰ ਦੇ ਮੱਦੇਨਜ਼ਰ ਪਰਿਵਾਰਾਂ ’ਤੇ ਦਬਾਅ ਪਾਉਣਾ ਹੱਲ ਨਹੀਂ। ਹੱਲ ਇਹ ਹੈ ਕਿ ਨੌਜਵਾਨਾਂ ਲਈ ਸਸਤੀ-ਮਿਆਰੀ ਸਿੱਖਿਆ, ਬੱਚਿਆਂ ਦੀ ਦੇਖਭਾਲ, ਸਿਹਤ ਸਹੂਲਤਾਂ ਅਤੇ ਸੁਰੱਖਿਆ ਵਾਲਾ ਸਮਾਜਿਕ ਮਾਹੌਲ ਪੈਦਾ ਕੀਤਾ ਜਾਵੇ। ਜਨਸੰਖਿਆ ਦਾ ਸੰਤੁਲਨ ਕਿਸੇ ਹੁਕਮ ਨਾਲ ਨਹੀਂ ਸਗੋਂ ਬਿਹਤਰ ਜੀਵਨ-ਪੱਧਰ ਅਤੇ ਆਰਥਿਕ ਸਥਿਰਤਾ ਨਾਲ ਬਣਦਾ ਹੈ। ਦਰਅਸਲ, ਪੰਜਾਬ ਦੀ ਸੁੰਗੜਦੀ ਆਬਾਦੀ ਸਿਰਫ਼ ਅੰਕੜਿਆਂ ਦਾ ਮਸਲਾ ਨਹੀਂ। ਇਹ ਸਵਾਲ ਸਾਡੇ ਪਿੰਡਾਂ ਦੀ ਰੌਣਕ, ਸਕੂਲਾਂ ਦੀਆਂ ਘੰਟੀਆਂ, ਖੇਤਾਂ ਵਿੱਚ ਕੰਮ ਕਰਦੇ ਹੱਥਾਂ, ਬਜ਼ੁਰਗਾਂ ਦੀ ਸੁਰੱਖਿਆ ਅਤੇ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ।

ਦੇਸ਼ • ਦਿੱਲੀ

## ਦਿੱਲੀ ਪੁਲਿਸ ਦਾ ਵੱਡਾ ਐਕਸ਼ਨ: ਅਸ਼ਲੀਲ ਵੀਡੀਓ ਭੇਜ ਕੇ ਗੁਰਦੁਆਰੇ ਦੇ ਸੇਵਾਦਾਰ ਤੋਂ ਠੱਗੇ 15 ਲੱਖ, ਗਿਰੋਹ ਦੇ ਚਾਰ ਮੈਂਬਰ ਕਾਬੂ

ਪੁਲਿਸ ਨੇ ਇਨ੍ਹਾਂ ਕੋਲੋਂ ਤਿੰਨ ਮੋਬਾਈਲ ਫ਼ੋਨ ਅਤੇ ਛੇ ਸਿਮ ਕਾਰਡ ਬਰਾਮਦ ਕੀਤੇ ਹਨ। ਗਿਰੋਹ ਦੇ ਇਨ੍ਹਾਂ ਬੈਂਕ ਖ਼ਾਤਿਆਂ ਦਾ ਲਿੰਕ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਈਆਂ 15 ਹੋਰ ਸਾਈਬਰ ਸ਼ਿਕਾਇਤਾਂ ਨਾਲ ਵੀ ਜੁੜਿਆ ਪਾਇਆ ਗਿਆ ਹੈ। ਇਨ੍ਹਾਂ ਸ਼ੱਕੀ ਖ਼ਾਤਿਆਂ ਵਿੱਚ ਹੁਣ ਤੱਕ ਇੱਕ ਕਰੋੜ ਤੋਂ ਵੱਧ ਦਾ ਕ੍ਰੈਡਿਟ/ਡੇਬਿਟ ਲੈਣ-ਦੇਣ ਦੇਖਿਆ ਗਿਆ ਹੈ। ਪੁਲਿਸ ਇਸ ਗਿਰੋਹ ਦੇ ਹੋਰ ਫ਼ਰਾਰ ਮੈਂਬਰਾਂ (ਜਿਵੇਂ ਯਾਸਿਰ) ਦੀ ਭਾਲ ਕਰ ਰਹੀ ਹੈ ਅਤੇ ਵਿੱਤੀ ਲੈਣ-ਦੇਣ ਦੀਆਂ ਕੜੀਆਂ ਨੂੰ ਜੋੜ ਕੇ ਹੋਰ ਮਾਮਲਿਆਂ ਦਾ ਪਤਾ ਲਗਾਉਣ ਵਿੱਚ ਜੁੱਟੀ ਹੈ।

ਜਾਗਰਣ ਸੰਵਾਦਦਾਤਾ, ਨਵੀਂ ਦਿੱਲੀ। ਉੱਤਰੀ ਜ਼ਿਲ੍ਹਾ ਸਾਈਬਰ ਪੁਲਿਸ ਸਟੇਸ਼ਨ ਨੇ ਮੇਵਾਤ ਖੇਤਰ ਤੋਂ ਕੰਮ ਕਰ ਰਹੇ ਇੱਕ ਸੁਚੱਜੇ ਢੰਗ ਨਾਲ ਚਲਾਏ ਜਾ ਰਹੇ ਸੈਕਸਟੋਰਸ਼ਨ ਸਾਈਬਰ-ਕ੍ਰਾਈਮ ਰਿੰਗ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਗਿਰੋਹ ਦੇ ਮੁਖੀ ਇਮਰਾਨ ਖਾਨ ਸਮੇਤ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਗਿਰੋਹ ਲੋਕਾਂ ਨੂੰ ਫਸਾਉਣ ਅਤੇ ਪੁਲਿਸ ਅਧਿਕਾਰੀਆਂ ਅਤੇ ਯੂਟਿਊਬ ਪ੍ਰਤੀਨਿਧੀਆਂ ਵਜੋਂ ਪੇਸ਼ ਕਰਕੇ ਲੱਖਾਂ ਰੁਪਏ ਦੀ ਵਸੂਲੀ ਕਰਨ ਲਈ ਸੈਕਸਟੋਰਸ਼ਨ (ਅਸ਼ਲੀਲ ਵੀਡੀਓ ਕਾਲਾਂ ਅਤੇ ਬਲੈਕਮੇਲ) ਦੀ ਵਰਤੋਂ ਕਰਦਾ ਸੀ।

**ਦਿੱਲੀ ਪੁਲਿਸ ਦਾ ਵੱਡਾ ਐਕਸ਼ਨ: ਅਸ਼ਲੀਲ ਵੀਡੀਓ ਭੇਜ ਕੇ ਗੁਰਦੁਆਰੇ ਦੇ ਸੇਵਾਦਾਰ ਤੋਂ ਠੱਗੇ 15 ਲੱਖ, ਗਿਰੋਹ ਦੇ ਚਾਰ ਮੈਂਬਰ ਕਾਬੂ (ਜਾਰੀ)**

ਸ਼ਿਕਾਇਤਕਰਤਾ ਮਨਜੀਤ ਸਿੰਘ (ਇੱਕ ਗੁਰਦੁਆਰੇ ਦੇ ਸੇਵਾਦਾਰ) ਦੇ ਵਟਸਐਪ 'ਤੇ ਇੱਕ ਅਸ਼ਲੀਲ ਵੀਡੀਓ ਭੇਜੀ ਗਈ। ਇਸ ਤੋਂ ਤੁਰੰਤ ਬਾਅਦ, ਖ਼ੁਦ ਨੂੰ ਗੁੜਗਾਓਂ ਪੁਲਿਸ ਦਾ ਅਧਿਕਾਰੀ ਅਤੇ ਯੂਟਿਊਬ ਦਾ ਪ੍ਰਤੀਨਿਧੀ ਦੱਸਣ ਵਾਲੇ ਸਾਈਬਰ ਠੱਗਾਂ ਨੇ ਉਨ੍ਹਾਂ ਨੂੰ ਫ਼ੋਨ ਕੀਤਾ। ਠੱਗਾਂ ਨੇ ਪੀੜਤ 'ਤੇ ਅਸ਼ਲੀਲ ਵੀਡੀਓ ਦੇਖਣ ਦਾ ਝੂਠਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੇ ਖ਼ਿਲਾਫ਼ ਮਾਮਲਾ ਦਰਜ ਹੋ ਗਿਆ ਹੈ। ਯੂਟਿਊਬ, ਫੇਸਬੁੱਕ ਤੋਂ ਵੀਡੀਓ ਹਟਾਉਣ ਅਤੇ ਐੱਫ.ਆਈ.ਆਰ. ਤੋਂ ਨਾਮ ਕੱਢਣ ਦੇ ਨਾਮ 'ਤੇ ਗ੍ਰਿਫ਼ਤਾਰੀ ਦੀ ਧਮਕੀ ਦੇ ਕੇ ਪੀੜਤ ਤੋਂ ਪੈਸੇ ਮੰਗੇ ਗਏ।

ਕੁੱਲ 15 ਲੱਖ ਰੁਪਏ ਠੱਗਾਂ ਨੂੰ ਦੇ ਦਿੱਤੇ ਡਰ ਅਤੇ ਦਬਾਅ ਵਿੱਚ ਆ ਕੇ ਸ਼ਿਕਾਇਤਕਰਤਾ ਨੇ 11 ਸਤੰਬਰ 2025 ਤੋਂ 27 ਸਤੰਬਰ 2025 ਦੇ ਵਿਚਕਾਰ ਆਪਣੇ ਅਤੇ ਆਪਣੇ ਭਾਣਜੇ ਦੇ ਖ਼ਾਤਿਆਂ ਤੋਂ ਕਈ ਵਾਰ ਵਿੱਚ ਕੁੱਲ 15 ਲੱਖ ਠੱਗਾਂ ਵੱਲੋਂ ਦੱਸੇ ਗਏ ਖ਼ਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤੇ। ਬਾਅਦ ਵਿੱਚ ਰਿਸ਼ਤੇਦਾਰ ਨਾਲ ਗੱਲ ਕਰਨ 'ਤੇ ਜਦੋਂ ਉਨ੍ਹਾਂ ਨੂੰ ਠੱਗੀ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਨੇ 'ਨੈਸ਼ਨਲ ਸਾਈਬਰ ਕ੍ਰਾਈਮ ਹੈਲਪਲਾਈਨ (1930)' ਅਤੇ ਸਾਈਬਰ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾਈ।

ਪੁਲਿਸ ਨੇ ਕਿਵੇਂ ਤਲਾਸ਼ੇ ਠੱਗੀ ਦੇ 'ਤਾਰ'? ਉੱਤਰੀ ਜ਼ਿਲ੍ਹੇ ਦੇ ਡੀ.ਸੀ.ਪੀ. ਮੁਤਾਬਕ, ਪੁਲਿਸ ਟੀਮ ਨੇ ਲਗਭਗ 100 ਸ਼ੱਕੀ ਮੋਬਾਈਲ ਨੰਬਰਾਂ ਅਤੇ ਆਈ.ਐੱਮ.ਈ.ਆਈ. ਦੀ ਡੂੰਘਾਈ ਨਾਲ ਜਾਂਚ ਕੀਤੀ। ਕਾਲ ਡਾਟਾ ਅਤੇ ਆਈ.ਪੀ. ਲੌਗਸ ਦੀ ਮਦਦ ਨਾਲ ਠੱਗਾਂ ਦੀ ਲੋਕੇਸ਼ਨ ਰਾਜਸਥਾਨ ਦੇ ਡੀਗ (ਮੇਵਾਤ ਖੇਤਰ) ਦੇ ਪਿੰਡ ਕਲਤਾਰੀਆ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਈ ਗਈ। ਜਾਂਚ ਵਿੱਚ ਪਤਾ ਲੱਗਾ ਕਿ ਪੀੜਤ ਤੋਂ ਠੱਗੇ ਗਏ 15 ਲੱਖ ਵੱਖ-ਵੱਖ ਬੈਂਕ ਖ਼ਾਤਿਆਂ ਵਿੱਚ ਭੇਜੇ ਗਏ ਸਨ।

1.80 ਲੱਖ ਅਲਵਰ ਦੇ ਅੰਕਿਤ ਸੈਨ ਦੇ ਐਕਸਿਸ ਬੈਂਕ ਖ਼ਾਤੇ ਵਿੱਚ ਗਏ। 4.42 ਲੱਖ ਲੁਧਿਆਣਾ ਦੇ ਮੁਹੰਮਦ ਸਾਰਿਕ ਖ਼ਾਨ ਦੇ ਯੂਨੀਅਨ ਬੈਂਕ ਅਤੇ ਆਈ.ਸੀ.ਆਈ.ਸੀ.ਆਈ. ਬੈਂਕ ਖ਼ਾਤਿਆਂ ਵਿੱਚ ਗਏ। 1.00 ਲੱਖ ਲੁਧਿਆਣਾ ਦੇ ਤਸਲੀਮ ਰਾਜਾ ਦੇ ਸੀ.ਐੱਸ.ਬੀ. ਬੈਂਕ ਖ਼ਾਤੇ ਵਿੱਚ ਭੇਜੇ ਗਏ। ਇਨ੍ਹਾਂ ਸਾਰੇ ਖ਼ਾਤਿਆਂ ਵਿੱਚ ਜਮ੍ਹਾਂ ਹੋਏ ਪੈਸਿਆਂ ਨੂੰ ਤੁਰੰਤ ਏ.ਟੀ.ਐੱਮ., ਚੈੱਕ ਜਾਂ ਐੱਨ.ਈ.ਐੱਫ.ਟੀ. ਰਾਹੀਂ ਕੱਢ ਲਿਆ ਜਾਂਦਾ ਸੀ ਤਾਂ ਜੋ ਬੈਂਕ ਖ਼ਾਤੇ ਫ੍ਰੀਜ਼ ਨਾ ਹੋਣ। ਲੋਕਾਂ ਨੂੰ ਕਿਵੇਂ ਚੁਣਦੇ ਸਨ ਸ਼ਿਕਾਰ ਲਈ? 'ਫ੍ਰੈਂਡਜ਼ ਸਰਚ' ਐਪ ਦੀ ਵਰਤੋਂ ਕਰਕੇ ਕਿਸੇ ਵਿਸ਼ੇਸ਼ ਸ਼ਹਿਰ ਜਾਂ ਇਲਾਕੇ ਦੇ ਮੋਬਾਈਲ ਨੰਬਰ ਖੋਜੇ ਜਾਂਦੇ ਸਨ। ਇਸ ਤੋਂ ਬਾਅਦ ਪੀੜਤ ਨੂੰ ਵਟਸਐਪ ਵੀਡੀਓ ਕਾਲ ਕੀਤੀ ਜਾਂਦੀ ਸੀ। ਇਸ ਵਿੱਚ ਕਾਲ ਕਰਨ ਵਾਲੇ ਫ਼ੋਨ ਦੇ ਪਿੱਛੇ ਇੱਕ ਦੂਜਾ ਫ਼ੋਨ ਰੱਖ ਕੇ ਪਹਿਲਾਂ ਤੋਂ ਰਿਕਾਰਡ ਕੀਤੀ ਗਈ ਅਸ਼ਲੀਲ ਵੀਡੀਓ ਚਲਾਈ ਜਾਂਦੀ ਸੀ, ਜਿਸ ਨਾਲ ਲੱਗੇ ਕਿ ਸਾਹਮਣੇ ਵਾਲਾ ਵਿਅਕਤੀ ਸੱਚਮੁੱਚ ਗੱਲ ਕਰ ਰਿਹਾ ਹੈ। ਨਾਲ ਹੀ, ਇਸ ਕਾਲ ਨੂੰ ਰਿਕਾਰਡ ਕਰ ਲਿਆ ਜਾਂਦਾ ਸੀ। ਇਸ ਤੋਂ ਬਾਅਦ ਗਿਰੋਹ ਦਾ ਮੈਂਬਰ (ਯਾਸਿਰ) ਪੁਲਿਸ ਅਫ਼ਸਰ ਜਾਂ ਯੂਟਿਊਬ ਅਧਿਕਾਰੀ ਬਣ ਕੇ ਪੀੜਤ ਨੂੰ ਕਾਲ ਕਰਦਾ ਸੀ ਅਤੇ ਐੱਫ.ਆਈ.ਆਰ. ਦਰਜ ਹੋਣ ’ਤੇ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਪੈਸੇ ਠੱਗਦਾ ਸੀ। ਗ੍ਰਿਫ਼ਤਾਰ ਦੋਸ਼ੀਆਂ ਦੀ ਸੂਚੀ ਅਤੇ ਭੂਮਿਕਾ ਇਮਰਾਨ ਖ਼ਾਨ (ਜੁਰਹੇੜਾ, ਡੀਗ, ਰਾਜਸਥਾਨ): ਇਹ ਗਿਰੋਹ ਦਾ ਮੈਂਬਰ ਹੈ। ਇਹ ਫ਼ਰਜ਼ੀ ਸਿਮ ਕਾਰਡ, ਮੋਬਾਈਲ ਅਤੇ ਕਿਰਾਏ ਦੇ ਬੈਂਕ ਖ਼ਾਤੇ ਵਿਵਸਥਿਤ ਕਰਦਾ ਸੀ ਅਤੇ ਏ.ਟੀ.ਐੱਮ. ਤੋਂ ਪੈਸੇ ਕੱਢ ਕੇ ਹੋਰ ਸਾਥੀਆਂ ਤੱਕ ਪਹੁੰਚਾਉਂਦਾ ਸੀ। ਸਮਦ ਖ਼ਾਨ (ਲੁਧਿਆਣਾ, ਪੰਜਾਬ): ਇਹ ਬੈਂਕ ਖ਼ਾਤਿਆਂ ਦਾ ਇੰਤਜ਼ਾਮ ਕਰਨ ਵਾਲਾ ਮੁੱਖ ਜ਼ਰੀਆ ਸੀ। ਇਸ ਨੇ ਮੁਹੰਮਦ ਸਾਰਿਕ ਅਤੇ ਤਸਲੀਮ ਰਾਜਾ ਦੇ ਖ਼ਾਤੇ ਇਮਰਾਨ ਨਾਲ ਜੁੜਵਾਏ। (ਇਮਰਾਨ ਅਤੇ ਤਸਲੀਮ ਦੀ ਮੁਲਾਕਾਤ ਆਨਲਾਈਨ ਪਬਜੀ ਗੇਮ ਦੌਰਾਨ ਹੋਈ ਸੀ)। ਅੰਕਿਤ ਸੈਨ (ਅਲਵਰ, ਰਾਜਸਥਾਨ): ਇਸ ਨੇ 3,500 ਦੇ ਲਾਲਚ ਵਿੱਚ ਆਪਣਾ ਐਕਸਿਸ ਬੈਂਕ ਖ਼ਾਤਾ ਗਿਰੋਹ ਨੂੰ ਵਰਤੋਂ ਲਈ ਦਿੱਤਾ ਸੀ। ਤਸਲੀਮ ਰਾਜਾ (ਲੁਧਿਆਣਾ, ਪੰਜਾਬ): ਇਸ ਨੇ ਕਮਿਸ਼ਨ ਦੇ ਲਾਲਚ ਵਿੱਚ ਆਪਣਾ ਸੀ.ਐੱਸ.ਬੀ. ਬੈਂਕ ਖ਼ਾਤਾ ਅਤੇ ਏ.ਟੀ.ਐੱਮ. ਕਾਰਡ ਇਮਰਾਨ ਨੂੰ ਸੌਂਪ ਦਿੱਤਾ ਸੀ। ਅਜੇ ਵੀ ਯਾਸਿਰ ਨਾਮ ਦਾ ਦੋਸ਼ੀ ਹੈ ਫ਼ਰਾਰ ਪੁਲਿਸ ਨੇ ਇਨ੍ਹਾਂ ਕੋਲੋਂ ਤਿੰਨ ਮੋਬਾਈਲ ਫ਼ੋਨ ਅਤੇ ਛੇ ਸਿਮ ਕਾਰਡ ਬਰਾਮਦ ਕੀਤੇ ਹਨ। ਗਿਰੋਹ ਦੇ ਇਨ੍ਹਾਂ ਬੈਂਕ ਖ਼ਾਤਿਆਂ ਦਾ ਲਿੰਕ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਈਆਂ 15 ਹੋਰ ਸਾਈਬਰ ਸ਼ਿਕਾਇਤਾਂ ਨਾਲ ਵੀ ਜੁੜਿਆ ਪਾਇਆ ਗਿਆ ਹੈ। ਇਨ੍ਹਾਂ ਸ਼ੱਕੀ ਖ਼ਾਤਿਆਂ ਵਿੱਚ ਹੁਣ ਤੱਕ ਇੱਕ ਕਰੋੜ ਤੋਂ ਵੱਧ ਦਾ ਕ੍ਰੈਡਿਟ/ਡੇਬਿਟ ਲੈਣ-ਦੇਣ ਦੇਖਿਆ ਗਿਆ ਹੈ। ਪੁਲਿਸ ਇਸ ਗਿਰੋਹ ਦੇ ਹੋਰ ਫ਼ਰਾਰ ਮੈਂਬਰਾਂ (ਜਿਵੇਂ ਯਾਸਿਰ) ਦੀ ਭਾਲ ਕਰ ਰਹੀ ਹੈ ਅਤੇ ਵਿੱਤੀ ਲੈਣ-ਦੇਣ ਦੀਆਂ ਕੜੀਆਂ ਨੂੰ ਜੋੜ ਕੇ ਹੋਰ ਮਾਮਲਿਆਂ ਦਾ ਪਤਾ ਲਗਾਉਣ ਵਿੱਚ ਜੁੱਟੀ ਹੈ।

ਪੰਜਾਬ

## 18 ਸਿੱਖ ਰੈਜੀਮੈਂਟ ਦੇ ਜਵਾਨ ਪ੍ਰਤਾਪ ਸਿੰਘ ਡਿਊਟੀ ਦੌਰਾਨ ਸ਼ਹੀਦ, ਨਮ ਅੱਖਾਂ ਨਾਲ ਵਿਦਾਈ

ਅਜਨਾਲਾ ਦੇ ਪਿੰਡ ਰੂੜੇਵਾਲ ਦੇ ਜਵਾਨ ਪ੍ਰਤਾਪ ਸਿੰਘ ਡਿਊਟੀ ਦੌਰਾਨ ਸ਼ਹੀਦ ਹੋ ਗਏ। ਅੰਤਿਮ ਸਸਕਾਰ ਮੌਕੇ ਇਲਾਕੇ ਵਿੱਚ ਸੋਗ, ਪਰਿਵਾਰ ਨੇ ਬੱਚਿਆਂ ਦੀ ਪੜ੍ਹਾਈ ਅਤੇ ਆਰਥਿਕ ਸਹਾਇਤਾ ਦੀ ਮੰਗ ਕੀਤੀ।




18 ਸਿੱਖ ਰੈਜੀਮੈਂਟ ਦੇ ਜਵਾਨ ਪ੍ਰਤਾਪ ਸਿੰਘ ਡਿਊਟੀ ਦੌਰਾਨ ਸ਼ਹੀਦ, ਨਮ ਅੱਖਾਂ ਨਾਲ ਵਿਦਾਈ

**18 ਸਿੱਖ ਰੈਜੀਮੈਂਟ ਦੇ ਜਵਾਨ ਪ੍ਰਤਾਪ ਸਿੰਘ ਡਿਊਟੀ ਦੌਰਾਨ ਸ਼ਹੀਦ, ਨਮ ਅੱਖਾਂ ਨਾਲ ਵਿਦਾਈ (ਜਾਰੀ)**

ਵਿਧਾਨ ਸਭਾ ਹਲਕਾ ਅਜਨਾਲਾ ਦੇ ਪਿੰਡ ਰੂੜੇਵਾਲ ਦੇ ਵਸਨੀਕ ਅਤੇ ਭਾਰਤੀ ਫੌਜ ਦੀ 18 ਸਿੱਖ ਰੈਜੀਮੈਂਟ ਦੇ ਬਹਾਦਰ ਜਵਾਨ ਪ੍ਰਤਾਪ ਸਿੰਘ (32-33 ਸਾਲ) ਦੇਸ਼ ਦੀ ਸੇਵਾ ਕਰਦਿਆਂ ਡਿਊਟੀ ਦੌਰਾਨ ਸ਼ਹੀਦ ਹੋ ਗਏ। ਜਦੋਂ ਉਨ੍ਹਾਂ ਦੀ ਮ੍ਰਿਤਕ ਦੇਹ ਤਿਰੰਗੇ ਵਿੱਚ ਲਪੇਟ ਕੇ ਪਿੰਡ ਪਹੁੰਚੀ ਤਾਂ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਸ਼ਹੀਦ ਦੇ ਅੰਤਿਮ ਸਸਕਾਰ ਮੌਕੇ ਸਿਆਸੀ, ਸਮਾਜਿਕ ਅਤੇ ਪ੍ਰਸ਼ਾਸਨਿਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀਆਂ ਨੇ ਨਮ ਅੱਖਾਂ ਨਾਲ ਸ਼ਰਧਾਂਜਲੀ ਭੇਟ ਕੀਤੀ।

ਸ਼ਹੀਦ ਪ੍ਰਤਾਪ ਸਿੰਘ ਦੇ ਪਿਤਾ ਜਿੱਤ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਦੇਸ਼ ਦੀ ਸੇਵਾ ਨੂੰ ਸਮਰਪਿਤ ਸੀ। ਪਰਿਵਾਰ ਵਿੱਚ ਚਾਰ ਪੁੱਤਰ ਹਨ ਅਤੇ ਪ੍ਰਤਾਪ ਸਿੰਘ ਆਪਣੀ ਖੇਡ ਪ੍ਰਤਿਭਾ ਤੇ ਮਿਹਨਤ ਦੇ ਦਮ 'ਤੇ ਭਾਰਤੀ ਫੌਜ ਵਿੱਚ ਭਰਤੀ ਹੋਏ ਸਨ।

ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਸ਼ਹੀਦ ਦੇ ਬੱਚਿਆਂ ਦੇ ਪਾਲਣ-ਪੋਸ਼ਣ, ਪੜ੍ਹਾਈ ਅਤੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਬਣਦੀ ਆਰਥਿਕ ਸਹਾਇਤਾ ਦਿੱਤੀ ਜਾਵੇ। ਇਸ ਦੇ ਨਾਲ ਹੀ ਪਰਿਵਾਰ ਨੂੰ ਬਣਦਾ ਮਾਣ-ਸਨਮਾਨ ਵੀ ਜਲਦੀ ਮੁਹੱਈਆ ਕਰਵਾਇਆ ਜਾਵੇ।

ਸ਼ਹੀਦ ਪ੍ਰਤਾਪ ਸਿੰਘ ਦੀ ਪਤਨੀ ਦਾ ਰੋ-ਰੋ ਕੇ ਬੁਰਾ ਹਾਲ ਸੀ। ਉਨ੍ਹਾਂ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਆਖ਼ਰੀ ਵਾਰ ਫੋਨ 'ਤੇ ਗੱਲ ਕਰਦਿਆਂ ਉਨ੍ਹਾਂ ਦੇ ਪਤੀ ਨੇ ਕਿਹਾ ਸੀ, “ਮੈਂ ਡਿਊਟੀ ਪੂਰੀ ਕਰਕੇ ਵਾਪਸ ਆਵਾਂਗਾ, ਫਿਰ ਆਰਾਮ ਨਾਲ ਗੱਲ ਕਰਾਂਗਾ।” ਪਰਿਵਾਰ ਲਈ ਇਹ ਵਾਅਦਾ ਅਧੂਰਾ ਰਹਿ ਗਿਆ ਅਤੇ ਉਹ ਫੋਨ ਮੁੜ ਕਦੇ ਨਹੀਂ ਆਇਆ। ਸ਼ਹੀਦ ਆਪਣੇ ਪਿੱਛੇ ਤਿੰਨ ਛੋਟੇ ਬੱਚੇ ਛੱਡ ਗਏ ਹਨ, ਜਿਨ੍ਹਾਂ ਵਿੱਚ ਧੀਆਂ ਅਤੇ ਇੱਕ ਪੁੱਤਰ ਸ਼ਾਮਲ ਹਨ। ਸ਼ਹੀਦ ਦੀ ਪਤਨੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤਰ ਦੇ 18 ਸਾਲ ਦਾ ਹੋਣ 'ਤੇ ਸਰਕਾਰੀ ਨੌਕਰੀ ਦੇਣ ਸਬੰਧੀ ਭਰੋਸਾ ਦਿੱਤਾ ਜਾਵੇ। ਇਸ ਤੋਂ ਇਲਾਵਾ ਧੀਆਂ ਦੀ ਪੜ੍ਹਾਈ-ਲਿਖਾਈ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਪੂਰਾ ਪ੍ਰਬੰਧ ਕੀਤਾ ਜਾਵੇ।

ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਸ਼ਹੀਦ ਪ੍ਰਤਾਪ ਸਿੰਘ ਦੇ ਦੇਹਾਂਤ ਨੂੰ ਪਰਿਵਾਰ ਅਤੇ ਇਲਾਕੇ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਹੀਦ ਦੇ ਪਰਿਵਾਰ ਨਾਲ ਖੜ੍ਹੇ ਹਨ। ਉਨ੍ਹਾਂ ਅਨੁਸਾਰ, ਫੌਜ ਵੱਲੋਂ ਅਧਿਕਾਰਤ ਦਸਤਾਵੇਜ਼ ਅਤੇ ਪ੍ਰਮਾਣ ਪੱਤਰ ਮਿਲਣ ਤੋਂ ਬਾਅਦ ਸੂਬਾ ਸਰਕਾਰ ਦੀਆਂ ਨਿਰਧਾਰਤ ਨੀਤੀਆਂ ਮੁਤਾਬਕ ਪਰਿਵਾਰ ਨੂੰ ਆਰਥਿਕ ਸਹਾਇਤਾ, ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਹੋਰ ਬਣਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਕਾਂਗਰਸੀ ਆਗੂ ਸੁਖਜਿੰਦਰ ਸਿੰਘ ਔਜਲਾ ਸ਼ਹੀਦ ਦੇ ਘਰ ਪਹੁੰਚੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਜਵਾਨ ਸਰਹੱਦਾਂ 'ਤੇ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਡਿਊਟੀ ਨਿਭਾਉਂਦੇ ਹਨ, ਜਿਸ ਸਦਕਾ ਦੇਸ਼ ਵਾਸੀ ਆਪਣੇ ਘਰਾਂ ਵਿੱਚ ਸੁਰੱਖਿਅਤ ਮਹਿਸੂਸ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸ਼ਹੀਦ ਪ੍ਰਤਾਪ ਸਿੰਘ ਦਾ ਪਰਿਵਾਰ ਪਿਛਲੀਆਂ ਤਿੰਨ ਪੀੜ੍ਹੀਆਂ ਤੋਂ ਉਨ੍ਹਾਂ ਦੇ ਸੰਪਰਕ ਵਿੱਚ ਰਿਹਾ ਹੈ। ਇਸ ਦੁੱਖ ਦੀ ਘੜੀ ਵਿੱਚ ਉਹ ਪਰਿਵਾਰ ਦੇ ਨਾਲ ਹਨ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਛੋਟੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਪਰਿਵਾਰ ਦੀ ਮਦਦ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜੋਧ ਸਿੰਘ ਸਮਰਾ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਦੇਸ਼ ਅਤੇ ਕੌਮ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਜਵਾਨਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਦੇ ਦੇਹਾਂਤ ਨਾਲ ਪਰਿਵਾਰ ਅਤੇ ਇਲਾਕੇ ਨੂੰ ਵੱਡਾ ਘਾਟਾ ਪਿਆ ਹੈ, ਜਿਸ ਦੀ ਭਰਪਾਈ ਨਹੀਂ ਹੋ ਸਕਦੀ। ਉੱਧਰ, ਕਾਂਗਰਸੀ ਆਗੂ ਕੰਵਰ ਪ੍ਰਤਾਪ ਸਿੰਘ ਅਜਨਾਲਾ ਨੇ ਦੱਸਿਆ ਕਿ ਪ੍ਰਤਾਪ ਸਿੰਘ ਇੱਕ ਚੰਗੇ ਇਨਸਾਨ ਹੋਣ ਦੇ ਨਾਲ-ਨਾਲ ਵਾਲੀਬਾਲ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਵੀ ਸਨ। ਉਨ੍ਹਾਂ ਸੰਯੁਕਤ ਰਾਸ਼ਟਰ (ਯੂਐੱਨ) ਦੀ ਸ਼ਾਂਤੀ ਰੱਖਿਆ ਫੋਰਸ ਤਹਿਤ ਵਿਦੇਸ਼ਾਂ ਵਿੱਚ ਵੀ ਭਾਰਤ ਦਾ ਨਾਮ ਰੌਸ਼ਨ ਕੀਤਾ ਸੀ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਦੀ ਅਗਲੇ ਸਾਲ ਸੇਵਾਮੁਕਤੀ ਹੋਣੀ ਸੀ, ਪਰ ਉਨ੍ਹਾਂ ਦਾ ਅਚਾਨਕ ਵਿਛੋੜਾ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਬਣ ਗਿਆ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸ਼ਹੀਦ ਦੇ ਬੱਚਿਆਂ ਦੀ ਪੜ੍ਹਾਈ ਅਤੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਤੁਰੰਤ ਠੋਸ ਕਦਮ ਚੁੱਕੇ ਜਾਣ।

ਪਿੰਡ ਰੂੜੇਵਾਲ ਦੇ ਬਹਾਦਰ ਜਵਾਨ ਪ੍ਰਤਾਪ ਸਿੰਘ ਦੀ ਸ਼ਹਾਦਤ ਨਾਲ ਪੂਰਾ ਇਲਾਕਾ ਸੋਗ ਵਿੱਚ ਡੁੱਬਿਆ ਹੋਇਆ ਹੈ। ਪਰਿਵਾਰ ਨੂੰ ਹੁਣ ਆਪਣੇ ਤਿੰਨ ਛੋਟੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਐਲਾਨਾਂ ਅਨੁਸਾਰ ਲੋੜੀਂਦੀ ਮਦਦ ਜਲਦੀ ਮਿਲੇਗੀ।

ਮਨੋਰੰਜਨ

## ਪਰਮੀਸ਼ ਨੇ ਕੰਸਰਟ 'ਚ ਗਰਲਫਰੈਂਡ ਨੂੰ ਸਟੇਜ 'ਤੇ ਬੁਲਾ ਕੇ ਲਗਾਇਆ ਗਲੇ, ਬੋਲੇ – ਮੇਰੇ ਸ਼ੋਅ ਦੀ ਸਪੈਸ਼ਲ ਗੈਸਟ ਆਈ ਹੈ

ਪੰਜਾਬੀ ਗਾਇਕ ਅਤੇ ਅਦਾਕਾਰ ਪਰਮੀਸ਼ ਵਰਮਾ ਅਤੇ ਪੰਜਾਬੀ ਮਾਡਲ 'ਤੇ ਅਦਾਕਾਰਾ ਹਰਮਨ ਬਰਾੜ ਪਿਛਲੇ ਕੁਝ ਮਹੀਨਿਆਂ ਤੋਂ ਆਪਣੇ ਰਿਸ਼ਤੇ ਨੂੰ ਲੈ ਕੇ ਚਰਚਾ ਵਿੱਚ ਹਨ। ਹੁਣ ਪਰਮੀਸ਼ ਨੇ ਲਾਈਵ ਕੰਸਰਟ ਦੌਰਾਨ ਪਹਿਲੀ ਵਾਰ ਹਰਮਨ ਨੂੰ ਸਟੇਜ 'ਤੇ ਬੁਲਾਇਆ ਅਤੇ ਸਾਰਿਆਂ ਦੇ ਸਾਹਮਣੇ ਉਨ੍ਹਾਂ ਨੂੰ ਗਲੇ ਲਗਾਇਆ।

ਪੰਜਾਬੀ ਗਾਇਕ ਅਤੇ ਅਦਾਕਾਰ ਪਰਮੀਸ਼ ਵਰਮਾ ਅਤੇ ਪੰਜਾਬੀ ਮਾਡਲ 'ਤੇ ਅਦਾਕਾਰਾ ਹਰਮਨ ਬਰਾੜ ਪਿਛਲੇ ਕੁਝ ਮਹੀਨਿਆਂ ਤੋਂ ਆਪਣੇ ਰਿਸ਼ਤੇ ਨੂੰ ਲੈ ਕੇ ਚਰਚਾ ਵਿੱਚ ਹਨ। ਹੁਣ ਪਰਮੀਸ਼ ਨੇ ਲਾਈਵ ਕੰਸਰਟ ਦੌਰਾਨ ਪਹਿਲੀ ਵਾਰ ਹਰਮਨ ਨੂੰ ਸਟੇਜ 'ਤੇ ਬੁਲਾਇਆ ਅਤੇ ਸਾਰਿਆਂ ਦੇ ਸਾਹਮਣੇ ਉਨ੍ਹਾਂ ਨੂੰ ਗਲੇ ਲਗਾਇਆ। ਉਨ੍ਹਾਂ ਨੇ ਹਰਮਨ ਨੂੰ ਸ਼ੋਅ ਦੀ ਸਪੈਸ਼ਲ ਗੈਸਟ ਕਹਿ ਕੇ ਸੰਬੋਧਨ ਕੀਤਾ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ। ਕਰੀਬ ਇੱਕ ਮਹੀਨਾ ਪਹਿਲਾਂ ਹੀ ਪਰਮੀਸ਼ ਨੇ ਆਪਣੀ ਪਤਨੀ ਗੀਤ ਗਰੇਵਾਲ ਤੋਂ ਵੱਖ ਹੋਣ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਹਰਮਨ ਨਾਲ ਉਨ੍ਹਾਂ ਦੇ ਰਿਸ਼ਤੇ ਨੂੰ ਲੈ ਕੇ ਚਰਚਾਵਾਂ ਤੇਜ਼ ਹੋ ਗਈਆਂ ਸਨ। ਪਰਮੀਸ਼ ਅਤੇ ਗੀਤ ਨੇ 21 ਅਕਤੂਬਰ 2021 ਨੂੰ ਕੈਨੇਡਾ ਵਿੱਚ ਵਿਆਹ ਕਰਵਾਇਆ ਸੀ।

ਪਰਮੀਸ਼ ਵਰਮਾ 13 ਅਕਤੂਬਰ ਨੂੰ ਰਿਸ਼ੀਕੇਸ਼ ਵਿੱਚ 6.0 ਦੇ ਪ੍ਰੋ ਨਾਈਟ ਪ੍ਰੋਗਰਾਮ ਵਿੱਚ ਪਰਫਾਰਮ ਕਰਨ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਨੇ ਅਚਾਨਕ ਹਰਮਨ ਬਰਾੜ ਨੂੰ ਸਟੇਜ 'ਤੇ ਬੁਲਾ ਲਿਆ। ਉਨ੍ਹਾਂ ਨੇ ਦਰਸ਼ਕਾਂ ਨੂੰ ਕਿਹਾ ਕਿ ਉਨ੍ਹਾਂ ਦੇ ਸ਼ੋਅ ਦੀ ਸਪੈਸ਼ਲ ਗੈਸਟ ਆਈ ਹੈ। ਇਸ ਤੋਂ ਬਾਅਦ ਉਹ ਹਰਮਨ ਨੂੰ ਸਟੇਜ 'ਤੇ ਲੈ ਕੇ ਆਏ ਅਤੇ ਉਨ੍ਹਾਂ ਨੂੰ ਗਲੇ ਲਗਾਇਆ।

ਹਰਮਨ ਕੁਝ ਸਕਿੰਟਾਂ ਤੱਕ ਸਟੇਜ 'ਤੇ ਰਹੀ ਅਤੇ ਉਨ੍ਹਾਂ ਨੇ ਵੀ ਪ੍ਰਸ਼ੰਸਕਾਂ ਦਾ ਸਵਾਗਤ ਸਵੀਕਾਰ ਕੀਤਾ। ਪਰਮੀਸ਼ ਦੇ ਇਸ ਅੰਦਾਜ਼ ਨੂੰ ਦੇਖ ਕੇ ਉੱਥੇ ਮੌਜੂਦ ਪ੍ਰਸ਼ੰਸਕ ਖੁਸ਼ੀ ਨਾਲ ਝੂਮ ਉੱਠੇ।

ਇਸ ਦੌਰਾਨ ਪਰਮੀਸ਼ ਨੇ ਕਿਹਾ ਕਿ ਪਿਛਲੀ ਵਾਰ ਜਦੋਂ ਹਰਮਨ ਆਈ ਸੀ ਤਾਂ ਸ਼ੋਅ ਬੰਦ ਹੋ ਗਿਆ ਸੀ। ਉਨ੍ਹਾਂ ਨੂੰ ਡਰ ਸੀ ਕਿ ਇਸ ਵਾਰ ਵੀ ਕਿਤੇ ਅਜਿਹਾ ਨਾ ਹੋ ਜਾਵੇ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਗੀਤ ਗੱਡੀਆਂ ਮੋਡੀਫਾਈ 'ਤੇ ਪਰਫਾਰਮ ਕੀਤਾ।

ਮਿਊਜ਼ਿਕ ਵੀਡੀਓ ਦੇਖੀ ਜਾ ਤੋਂ ਸ਼ੁਰੂ ਹੋਈਆਂ ਚਰਚਾਵਾਂ: ਪਰਮੀਸ਼ ਵਰਮਾ ਅਤੇ ਹਰਮਨ ਬਰਾੜ ਨੇ ਪੰਜਾਬੀ ਗੀਤ ਦੇਖੀ ਜਾ ਵਿੱਚ ਇਕੱਠੇ ਕੰਮ ਕੀਤਾ ਸੀ। ਮਿਊਜ਼ਿਕ ਵੀਡੀਓ ਵਿੱਚ ਦੋਵਾਂ ਦੀ ਕੈਮਿਸਟਰੀ ਦੇਖਣ ਤੋਂ ਬਾਅਦ ਪ੍ਰਸ਼ੰਸਕਾਂ ਨੇ ਉਨ੍ਹਾਂ ਦੇ ਰਿਸ਼ਤੇ ਨੂੰ ਲੈ ਕੇ ਕਿਆਸ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਤੋਂ ਬਾਅਦ ਦੋਵਾਂ ਨੇ 'ਤੇ ਕਈ ਨਜ਼ਦੀਕੀ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ। ਇਨ੍ਹਾਂ ਪੋਸਟਾਂ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਚਰਚਾਵਾਂ ਹੋਣ ਲੱਗੀਆਂ। ਕੁਝ ਯੂਜ਼ਰਾਂ ਨੇ ਇਨ੍ਹਾਂ ਚਰਚਾਵਾਂ ਵਿੱਚ ਪਰਮੀਸ਼ ਦੀ ਪਤਨੀ ਗੀਤ ਗਰੇਵਾਲ ਨੂੰ ਵੀ ਸ਼ਾਮਲ ਕੀਤਾ।

31 ਅਗਸਤ 2026 ਨੂੰ ਹਰਮਨ ਬਰਾੜ ਦੇ ਜਨਮਦਿਨ ਮੌਕੇ ਪਰਮੀਸ਼ ਵਰਮਾ ਨੇ ਉਨ੍ਹਾਂ ਦੀ ਤਸਵੀਰ ਸਾਂਝੀ ਕੀਤੀ। ਇਸ ਦੇ ਕੈਪਸ਼ਨ ਵਿੱਚ ਉਨ੍ਹਾਂ ਨੇ ਲਿਖਿਆ। ਉਨ੍ਹਾਂ ਨੇ ਆਪਣੇ ਗੀਤ ਬਰਬਾਦ ਦੇ ਕੁਝ ਬੋਲ ਵੀ ਸਾਂਝੇ ਕੀਤੇ। ਪ੍ਰਸ਼ੰਸਕਾਂ ਨੇ ਇਸ ਪੋਸਟ ਨੂੰ ਦੋਵਾਂ ਦੇ ਰਿਸ਼ਤੇ ਦੇ ਜਨਤਕ ਇਜ਼ਹਾਰ ਵਜੋਂ ਦੇਖਿਆ।

